ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-23 ਨੰਬਰ-28

8 ਤੋ 14 ਅਸੂ 2072 - 24 to 30 September 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ


### ਕਿਸੇ ਦਾ ਬੁਰਾ ਨਾ ਚਿਤਵੋ



ਜੇ ਤੁਸੀਂ ਕਿਸੇ ਦਾ ਬੁਰਾ ਨਾ ਚਿਤਵੋਗੇ, ਤੁਹਾਨੂੰ ਕਦੇ ਦੁੱਖ ਨਹੀਂ ਹੋਏਗਾ। ਸਤਿਗੁਰੂ ਅੱਗੇ ਅਰਦਾਸ ਕਰੋ-ਸਾਡੇ ਤੇ ਕਿਰਪਾ ਕਰ, ਰਹਿਮ ਕਰ, ਸਾਡੇ ਮਨ ਵਿੱਚ ਕਿਸੇ ਵਾਸਤੇ ਬੁਰਿਆਈ ਨਾ ਆਵੇ।



ਸ੍ਰੀ ਭੈਣੀ ਸਾਹਿਬ ਪ੍ਰਤਾਪ ਮੰਦਰ ਵਿੱਚ 111 ਵੇਂ ਸਾਲਾਨਾ ਜਪ-ਪ੍ਰਯੋਗ ਆਰੰਭ ਵਾਲੇ ਦਿਨ
ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਅਰਦਾਸ ਕਰਦੇ ਹੋਏ ਸੂਬਾ ਬਲਵਿੰਦਰ ਸਿੰਘ ਝੱਲ - 17 ਸਤੰਬਰ 2015



ਹਰੀ ਮੰਦਰ ਵਿੱਚ ਚਲ ਰਹੇ ਜਪ ਪ੍ਰਯੋਗ ਦੌਰਾਨ ਬੀਬੀਆਂ ਨਾਮ ਸਿਮਰਨ ਕਰਦੀਆਂ ਹੋਈਆ

## ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ 111 ਵਾਂ ਸਾਲਾਨਾ ਜਪ-ਪ੍ਰਯੋਗ ਆਰੰਭ

**ਸ੍ਰੀ ਭੈਣੀ ਸਾਹਿਬ, 17 ਸਤੰਬਰ 2015:-** ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ਪਹਿਲੀ ਅੱਸੂ ਨੂੰ 111 ਵਾਂ ਸਾਲਾਨਾ ਜਪ ਪ੍ਰਯੋਗ ਆਰੰਭ ਹੋਇਆ। ਇਸ ਪ੍ਰਯੋਗ ਦੀ ਸ਼ੁਰੂਆਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨੀਲੋਂ ਨਹਿਰ ਦੇ ਕੰਢੇ ਤੇ ਸੰਨ 1906 ਈ. ਨੂੰ ਕਾਨਿਆਂ ਦੀ ਝੁੱਗੀ ਪਾ ਕੇ ਉਥੇ ਆਰੰਭ ਕੀਤੀ ਸੀ। ਉਸ ਸਮੇਂ ਇਹ ਮੇਲਾ ਭਾਦਰੋਂ ਦੇ ਮਹੀਨੇ ਸ਼ੁਰੂ ਹੁੰਦਾ ਸੀ ਤੇ 40 ਦਿਨ ਜਪ ਪ੍ਰਯੋਗ ਚਲਦਾ ਸੀ। ਇਸੇ ਹੀ ਪ੍ਰੰਪਰਾ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਾਰੀ ਰੱਖਿਆ ਅਤੇ ਇਸ ਨੂੰ ਇਕ ਮਹੀਨੇ ਤਕ ਸੀਮਤ ਨਾ ਰੱਖਕੇ ਸਾਲਾਂ ਬੱਧੀ ਜਪ ਪ੍ਰਯੋਗ ਆਰੰਭ ਕਰਵਾ ਦਿੱਤਾ। ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵੀ ਇਸ ਪ੍ਰੰਪਰਾ ਨੂੰ ਜਾਰੀ ਰੱਖਦੇ ਹੋਏ, ਉਹਨਾਂ ਦੀ ਪਾਵਨ ਹਜ਼ੂਰੀ ਵਿੱਚ ਤੀਸਰਾ ਜਪ ਪ੍ਰਯੋਗ ਅੱਜ 17/09/2015 ਨੂੰ ਆਰੰਭ ਹੋਇਆ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਜਪ ਪ੍ਰਯੋਗ ਦੀ ਅਰਦਾਸ 2 ਵਜੇ ਹੋਣੀ ਸੀ। ਹੁਕਮ ਅਨੁਸਾਰ 2 ਤੋਂ 4 ਵਜੇ ਤੱਕ ਸਾਰੀ ਸੰਗਤ ਨਾਮ ਸਿਮਰਨ ਕਰੇਗੀ।

**(ਬਾਕੀ ਸਫਾ 2 ਤੇ)**

## ਯੂ. ਕੇ. ਵਿੱਚ ਜਪ ਪ੍ਰਯੋਗ ਆਰੰਭ

**ਸਾਊਥਾਲ, 13 ਸਤੰਬਰ:-** ਅੱਜ ਇਥੇ ਐਤਵਾਰ ਅੰਮ੍ਰਿਤ ਵੇਲੇ ਨਾਮਧਾਰੀ ਸਿੱਖ ਸੈਂਟਰ ਵਿੱਚ ਧੂਪ, ਦੀਪ, ਕੁੰਭ, ਸਮਗਰੀ ਸੰਯੁਕਤ ਜਪ ਪ੍ਰਯੋਗ ਆਰੰਭ ਕਰਨ ਦੀ ਅਰਦਾਸ ਕੀਤੀ ਗਈ। ਜਪ-ਪ੍ਰਯੋਗ ਵਿੱਚ ਹਿੱਸਾ ਲੈਣ ਵਾਲੇ ਨੌਜਵਾਨਾਂ ਨੇ ਬੜੇ ਉਤਸ਼ਾਹ ਨਾਲ ਪਹਿਲਾ ਅੰਮ੍ਰਿਤ ਛਕਿਆ ਸਾਧ-ਸੰਗਤ ਨੇ ਨਾਮ ਸਿਮਰਨ ਦੇ ਨਾਲ ਉਸਤਾਦ ਹਰਭਜਨ ਸਿੰਘ ਦੇ ਸਾਥੀਆਂ ਕੋਲੋ ਰਸ ਭਿੰਨਾ ਆਸਾ ਦੀ ਵਾਰ ਦਾ ਕੀਰਤਨ ਸੁਣਨ ਦਾ ਆਨੰਦ ਪ੍ਰਾਪਤ ਕੀਤਾ।

ਪਿਛਲੇ ਪਹਿਰ ਨਿਤਨੇਮ ਦੇ ਦੌਰਾਨ ਹੀ ਰਾਗੀ ਸਤਵਿੰਦਰ ਸਿੰਘ ਭੋਗਲ, ਉਸਤਾਦ ਸੁਰਜੀਤ ਸਿੰਘ ਅਤੇ ਅਮਿਤੋਜ ਸਿੰਘ ਹੰਸਪਾਲ ਦੇ ਜਥੇ ਨੇ 'ਸੁਣਿ ਸੁਣਿ ਜੀਵਾ ਤੇਰੀ ਬਾਣੀ' ਸ਼ਬਦ ਗਾਇਨ ਕੀਤਾ।

ਇਸ ਤੋਂ ਪਹਿਲੇ ਦਿਨ 12 ਸਤੰਬਰ ਸ਼ਨੀਚਰਵਾਰ ਨੂੰ ਇਸੇ ਸੈਂਟਰ ਵਿੱਚ ਸ਼ਾਮ ਦੇ ਨਿਤਨੇਮ ਤੋਂ ਬਾਅਦ ਬੱਚਿਆ ਦੇ ਕਵਿਤਾਵਾਂ ਸੁਣਾਉਣ ਪਿਛੋਂ ਉਸਤਾਦ ਹਰਭਜਨ ਸਿੰਘ, ਉਸਤਾਦ ਗੁਰਦੇਵ ਸਿੰਘ, ਸਤਵਿੰਦਰ ਸਿੰਘ ਭੋਗਲ, ਨਰਿੰਦਰਪਾਲ ਸਿੰਘ ਅਤੇ ਸਰਬਜੀਤ ਸਿੰਘ ਨੇ ਸਾਧ-ਸੰਗਤ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ ਉਹਨਾਂ ਦੇ ਗਾਇਨ ਕੀਤੇ ਹੋਏ ਸ਼ਬਦ ਸਨ:

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਮਨ ਮੇਰੇ ਹਰਿ ਕੇ ਚਰਨ ਰਵੀਜੈ॥

ਉਸ ਤੋਂ ਬਾਅਦ ਪ੍ਰੋ. ਤਾਰਾ ਸਿੰਘ ਅਨਜਾਨ ਨੇ ਜਪ ਪ੍ਰਯੋਗ ਦੇ ਮਹੱਤਵ ਬਾਰੇ ਭਰਪੂਰ ਜਾਣਕਾਰੀ ਦਿੱਤੀ। ਇੱਕ ਪਾਠ ਦੇ ਭੋਗ ਉਪਰੰਤ ਅਰਦਾਸ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ਅੱਜ ਦਾ ਪ੍ਰੋਗਰਾਮ ਪ੍ਰੋ. ਤਾਰਾ ਸਿੰਘ ਦੇ ਪਰਵਾਰ ਵਲੋਂ ਉਹਨਾਂ ਦੇ ਪੋਤਰਿਆਂ ਕਾਕਾ ਅਰਜਨ ਤਾਰਾ ਸਿੰਘ ਅਤੇ ਕਾਕਾ ਕ੍ਰਿਸ਼ਨ ਤਾਰਾ ਸਿੰਘ ਦੇ ਜਨਮਦਿਨਾਂ ਦੀ ਖ਼ੁਸ਼ੀ ਵਿੱਚ ਸੀ।

ਅੰਮ੍ਰਿਤ ਵੇਲੇ ਉਸਤਾਦ ਹਰਭਜਨ ਸਿੰਘ ਦੇ ਸਾਥੀਆਂ ਨੇ ਸੰਤ ਸੁਖਵਿੰਦਰ ਸਿੰਘ ਰਾਇਤ ਦੇ ਨਵੇਂ ਗ੍ਰਹਿ ਵਿਖੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਹਵਨ ਕਰਕੇ ਅਰਦਾਸ ਕੀਤੀ।

ਕੇਵਲ ਸਾਊਥਾਲ ਹੀ ਨਹੀਂ 13 ਸਤੰਬਰ ਨੂੰ ਯੂ. ਕੇ. ਦੇ ਬਰਮਿੰਘਮ, ਲੈਸਟਰ, ਆਦਿ ਗੁਰਦੁਆਰਿਆਂ ਵਿੱਚ ਵੀ ਜਪ-ਪ੍ਰਯੋਗ ਦਾ ਆਰੰਭ ਪੂਰੀ ਗੁਰਮਰਯਾਦਾ ਅਨੁਸਾਰ ਕੀਤਾ ਗਿਆ।

# ਮਿਡਲੈਂਡ (ਯੂ. ਕੇ.) ਅਤੇ ਆਇਰਲੈਂਡ ਦੀ ਸੰਗਤ ਵਲੋਂ ਸਤਿਗੁਰੂ ਜੀ ਦਾ ਸੁਆਗਤ ਸਤਿਕਾਰ

**(ਪਿਛੋਂ ਤੋਂ ਅਗੇ)**



**ਯੂ. ਕੇ. ਵਿਖੇ ਬੀਬੀ ਪਵਨਜੀਤ ਕੌਰ ਊਭੀ ਇਕ ਸ਼ਬਦ ਪੜ੍ਹਦੀ ਹੋਈ, ਤਬਲੇ ਤੇ ਸੰਤ ਹਰਪ੍ਰੀਤ ਸਿੰਘ (ਸੋਨੂੰ) ਸਾਥ ਦਿੰਦੇ ਹੋਏ।**

**26 ਅਗਸਤ**–ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸੰਤ ਹਰਪਾਲ ਸਿੰਘ ਸੇਵਕ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਖੀ ਸੁਣਾਈ ਕਿ ਕਿਵੇਂ ਆਪ ਜੀ ਨੇ ਗੜ੍ਹਗੰਗਾ ਦੇ ਇਲਾਕੇ ਵਿਚ ਵਾਹੀ ਖੇਤੀ ਕਰ ਰਹੇ ਸੰਤ ਗੁਰਮੁਖ ਸਿੰਘ ਨੂੰ ਲਭ ਕੇ ਮੀਂਹ ਕਣੀ, ਚਿੱਕੜ-ਖੋਭੇ ਵਿਚ ਜਾ ਦਰਸ਼ਨ ਦਿੱਤੇ ਤੇ ਉਹ ਵੈਰਾਗੀ ਹੋ ਹੰਝੂਆਂ ਨਾਲ ਚਰਨ ਧੋਣ ਲੱਗਾ। ਆਪ ਜੀ ਨੇ ਕਾਮਰੇਡ ਸਵਰਨ ਸਿੰਘ ਵਿਰਕ ਨੂੰ ਰੋਜ਼ਾਨਾ ਕੇਸੀਂ ਇਸ਼ਨਾਨ ਕਰਨ ਦਾ ਹੁਕਮ ਦੇ ਕੇ ਕੇਸ ਸਜਾਉਣ ਲਈ ਆਪਣਾ ਹੇਅਰ ਡਰਾਇਰ ((Hair Dryer) ਨਿਸ਼ਾਨੀ ਵਜੋਂ ਦਿੱਤਾ ਕਿਉਂਕਿ ਉਸ ਦੇ ਮਨ ਦੀ ਇਛਾ ਸੀ ਕਿ ਆਪਨੇ ਦਸਵੇਂ ਜਾਮੇ ਵਿਚ ਕੰਘਾ ਬਖਸ਼ਿਆ ਸੀ, ਉਸ ਨੂੰ ਵੀ ਕੁਝ ਯਾਦ-ਨਿਸ਼ਾਨੀ ਦੀ ਬਖਸ਼ਸ਼ ਹੋਵੇ।

ਸਤਿਗੁਰੂ ਜੀ ਨੇ 30 ਸਾਲਾਂ ਤੋਂ ਛੋਟੀ ਉਮਰ ਦੇ ਨੌਜਵਾਨਾਂ ਨੂੰ ਪੰਜਾਬੀ ਸਮਝਣ ਦੀ ਸਮਸਿਆ ਨੂੰ ਭਾਂਪਦਿਆਂ ਅੰਗਰੇਜ਼ੀ ਵਿਚ ***ਬਿਸਰਿ ਗਈ ਸਭ ਤਾਤਿ ਪਰਾਈ*** – ਸ਼ਬਦ ਬਾਰੇ ਸਮਝਾਇਆ। ਤੇ ਡੇਰੇ ਸੰਤ ਸਵਰਨ ਸਿੰਘ ਤੂਰ ਘਰ ਪ੍ਰਸ਼ਾਦਾ ਪਾਣੀ ਛਕ ਕੇ ਅਗਲੇ ਪੜਾ ਲਈ ਕਮਰ ਕੱਸੇ ਕੀਤੇ।

26 ਅਗਸਤ ਨੂੰ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਸਟਾਕ ਆਨ ਟਰੈਂਟ ਇਕੱਲੇ ਰਹਿੰਦੇ ਸੰਤ ਉਜਾਗਰ ਸਿੰਘ ਦੇ ਨਾਮਧਾਰੀ ਪਰਿਵਾਰ ਉਤੇ ਕਿਰਪਾ ਕੀਤੀ ਤੇ ਜਲ ਪਾਣੀ ਛਕਿਆ। ਉਸ ਤੋਂ ਬਾਅਦ ਸੰਤ ਰਣਜੀਤ ਸਿੰਘ ਡਰਬੀ ਨੂੰ ਖੁਸ਼ੀਆਂ ਬਖਸ਼ੀਆਂ। ਉਸ ਨੇ ਦੱਸਿਆ ਕਿ ਉਸ ਨੂੰ ਮਾਸ ਸ਼ਰਾਬ ਤੇ ਹੋਰ ਮੰਦੇ ਕੰਮਾਂ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਿਛੇ ਨੂੰ ਮੋੜਿਆ ਸੀ। ਉਸ ਨੂੰ ਇੰਗਲੈਂਡ ਆਏ ਨੂੰ ਲੱਭਿਆ ਸੀ। ਹੁਣ ਉਸ ਉਤੇ ਕਿਰਪਾ ਹੈ ਕਿਰਪਾ ਬਣੀ ਰਹੇ।

ਉਥੋਂ ਸ੍ਰੀ ਸਤਿਗੁਰੂ ਜੀ ਨੇ ਲੀਡਜ਼ ਦੀ ਧਰਤੀ ਨੂੰ ਭਾਗ ਲਾਏ। ਆਪ ਨੇ ਸਿੱਖਾਂ ਦੀ ਅਰਜ ਮੰਨ ਕੇ ਸੰਤ ਹਰੀ ਸਿੰਘ ਭੋਗਲ ਦੇ ਪੋਤਰੇ ਸਣੇ 4-5 ਘਰਾਂ ਵਿਚ ਚਰਨ ਪਾਏ। ਏਥੇ ਨਾਮਧਾਰੀ ਗੁਰਦੁਆਰੇ ਨਿਤਨੇਮ ਵਿਚ ਆਸਣ ਨੂੰ ਆ ਕੇ ਸੁਭਾਇਮਾਨ ਕੀਤਾ। ਅਰਦਾਸ ਬਾਅਦ ਰਾਗੀ ਸਿੰਘਾਂ ਸ਼ਬਦ ਗਾਇਨ ਕੀਤੇ। :

**– ਏਕੁ ਜਿ ਸਜਣੁ ਮੈ ਕੀਆ**
**ਸਰਬ ਕਲਾ ਸਮਰਥੁ।**
**– ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ।।**

ਏਥੇ ਦਰਸ਼ਨ ਕਰਨ ਆਏ ਵਿਸ਼ੇਸ਼ ਵਿਅਕਤੀਆਂ ਵਿਚ ਸੰਤ ਪੂਰਨ ਸਿੰਘ ਕਰੀਰ ਵਾਲਿਆਂ ਦੇ ਜਥੇਦਾਰ ਹਰਬੰਸ ਸਿੰਘ ਸੱਗੂ, ਜਥੇਦਾਰ ਪ੍ਰਿਤਪਾਲ ਸਿੰਘ ਸਗੂ ਤੇ ਸੰਤ ਹਰਜਿੰਦਰ ਸਿੰਘ ਉਸਤਾਦ ਸੰਤੂਰ ਵਾਦਨ ਵੀ ਸਨ।

ਇਕ ਨੌਜਵਾਨ ਜਸਵੀਰ ਸਿੰਘ ਨੇ ਰਾਗ ਕੇਦਾਰਾ ਵਿਚ :

***ਧੰਨ ਸੋ ਵੇਲਾ ਜਿਤ ਦਰਸਨ ਕਰਨਾ।।***

ਦਾ ਪਿਆਰਾ ਗਾਇਨ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

**27 ਅਗਸਤ ਵੀਰਵਾਰ**– ਨਾਮਧਾਰੀ ਸੰਗਤ ਨੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸ ਕੇ ਤ੍ਰਿਖਾ ਬੁਝਾਈ। ਇਸ ਤੋਂ ਬਾਅਦ ਆਇਰਲੈਂਡ ਦਾ ਪ੍ਰੋਗਰਾਮ ਸੀ ਜਿਥੋਂ ਦੀ ਧਰਤੀ 17 ਸਾਲ ਤੋਂ ਸ੍ਰੀ ਸਤਿਗੁਰੂ ਜੀ ਦੀ ਚਰਨ ਛੋਹ ਨੂੰ ਤਰਸ ਰਹੀ ਸੀ।

### ਸ੍ਰੀ ਸਤਿਗੁਰੂ ਜੀ ਨੇ, ਸਤਾਰਾਂ ਸਾਲਾਂ ਬਾਅਦ ਆਇਰਲੈਂਡ ਦੀ ਧਰਤੀ ਤੇ ਚਰਨ ਪਾਏ–

**ਸ਼ੈਨਨ, 27 ਅਗਸਤ–** ਅੱਜ ਵੀਰਵਾਰ ਸ਼ੈਨਨ ਹਵਾਈ ਅੱਡੇ ਉਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਤੇ ਬੀਬੀ ਗੁਰਸ਼ਰਨ ਕੌਰ ਤੇ ਸਿੱਖਾਂ ਸੇਵਕਾਂ ਸਹਿਤ ਚਰਨ ਪੈਣ ਨਾਲ, ਆਇਰਲੈਂਡ ਦੀ ਧਰਤੀ ਨੂੰ, ਆਪ ਜੀ ਦੇ ਦਰਸ਼ਨ ਦੇਣ ਦਾ ਸੁਨੇਹਾ ਪਹੁੰਚ ਗਿਆ। ਸ੍ਰੀ ਸਤਿਗੁਰੂ ਜੀ ਦਾ ਆਇਰਲੈਂਡ ਦਾ ਇਹ ਪਹਿਲਾ ਦੌਰਾ ਹੈ।। ਉਂਜ ਸਤਿਗੁਰੂ ਸੱਚੇ ਪਾਤਸ਼ਾਹ ਨੇ 17 ਸਾਲ ਬਾਅਦ ਇਥੇ ਦਰਸ਼ਨ ਦਿੱਤੇ ਹਨ। ਮਈ 1998 ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਥੇ ਦਰਸ਼ਨ ਦਿੱਤੇ ਸਨ। ਅਤੇ ਵਰਲਡ ਐਵੀਏਸ਼ਨ ਪਾਰਕ ਵਿੱਚ 28000 ਵਰਗ ਫੁੱਟ ਦੀ ਇੱਕ ਇਮਾਰਤ ਦਾ ਨੀਂਹ ਪੱਥਰ ਰਖਣ ਦੀ ਕਿਰਪਾ ਕੀਤੀ ਸੀ।

ਨਾਮਧਾਰੀ ਸਾਧ ਸੰਗਤ ਤਾਂ ਅੱਖਾਂ ਵਿਛਾਈ ਬੈਠੀ ਸੀ।, ਸਰਕਾਰ ਵਲੋਂ ਵੀ ਆਪ ਜੀ ਦੇ ਦਰਸ਼ਨ ਦੇਣ ਉਤੇ ਸੁਆਗਤ ਸਤਿਕਾਰ ਦੀ ਪੂਰੀ ਤਿਆਰੀ ਕੀਤੀ ਗਈ ਸੀ। ਜਦੋਂ ਵੀ ਕੋਈ ਮਹਾਨ ਹਸਤੀ – ਕਿਸੇ ਦੇਸ ਦਾ ਪ੍ਰਧਾਨ ਮੰਤਰੀ, ਮੰਤਰੀ, ਰਾਸ਼ਟਰਪਤੀ ਆਦਿ ਸ਼ੈਨਨ ਹਵਾਈ ਅੱਡੇ ਤੇ ਉਤਰਦਾ ਹੈ ਤਾਂ ਉਸ ਦਾ ਸੁਆਗਤ ਕਾਉਂਟੀ ਕਲੇਅਰ ਦੇ ਮੇਅਰ ਅਤੇ ਸੈਨੇਟਰ – ਮੈਂਬਰ ਅਪਰ ਹਾਊਸ (M.P.-Member Upper House) ਰਾਹੀਂ ਸ਼ੈਨਨ ਏਅਰਪੋਰਟ ਪ੍ਰੈਜ਼ੀਡੈਂਸ਼ੀਅਲ ਲਾਉਂਜ (Shanon Airport Presidencial Lounge) ਵਿਚ ਕੀਤਾ ਜਾਂਦਾ ਹੈ। ਉਥੇ ਕਿਸੇ ਵੀ ਮਹਾਨ ਹਸਤੀ ਨਾਲ ਗਿਣਤੀ ਦੇ ਵਿਅਕਤੀ ਹੀ ਜਾ ਸਕਦੇ ਹਨ।

ਸ੍ਰੀ ਸਤਿਗੁਰੂ ਜੀ ਅਤੇ ਬੀਬੀ ਗੁਰਸ਼ਰਨ ਕੌਰ ਨਾਲ ਰਾਗੀ ਗੁਰਸ਼ਰਨ ਸਿੰਘ ਸੁਰਧਰ, ਯੂ. ਕੇ. ਦੇ ਪ੍ਰਧਾਨ ਸੰਤ ਸੁਲਖਣ ਸਿੰਘ ਜੇਡੂ, ਆਇਰਲੈਂਡ ਦੇ ਸਥਾਨਕ ਨਾਮਧਾਰੀ ਆਗੂ ਸੰਤ ਪਰਮਜੀਤ ਸਿੰਘ ਨਿਓਤੇ ਹੁਰਾਂ ਨੂੰ ਉਸ ਲਾਉਂਜ ਵਿਚ ਜੀ ਆਇਆ ਨੂੰ ਕਿਹਾ ਗਿਆ। ਸੁਆਗਤ ਕਰਨ ਵਾਲਿਆਂ ਵਿਚ ਸ੍ਰੀ ਜੇਮਜ਼ ਬ੍ਰੀਨ, ਮੇਅਰ ਕਾਉਂਟੀ ਕਲੇਅਰ, ਸੈਨੇਟਰ ਸ੍ਰੀ ਟੋਨੀ ਮਲਕਹੀ ਅਤੇ ਏਅਰ ਪੋਰਟ ਦੇ ਡਾਇਰੈਕਟਰ ਸ੍ਰੀ ਨਿਆਲ ਮੈਲੋਨੀ ਸਨ।

ਨਿਓਤੇ ਜੀ ਨੇ ਸੰਖੇਪ ਜਾਣਕਾਰੀ ਦਿੰਦਿਆਂ ਸ੍ਰੀ ਸਤਿਗੁਰੂ ਜੀ ਦੇ ਇਸ ਪਹਿਲੇ ਦੌਰੇ ਨੂੰ ਮਹੱਤਵਪੂਰਨ ਦੱਸਿਆ। ਉਹਨਾਂ 15ਵੀਂ ਸਦੀ ਤੋਂ ਸਤਿਗੁਰੂ ਨਾਨਕ ਦੇਵ ਜੀ ਦੇ ਚਲਾਏ ਸਮਾਨਤਾ ਸਿਮਰਨ ਉਤੇ ਇੱਕ ਪਰਮਾਤਮਾ ਅਗੇ ਅਰਦਾਸ ਕਰਨ ਵਾਲੇ ਧਰਮ ਦੀ ਗੱਲ ਕਰਦਿਆਂ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਦੀ ਆਜ਼ਾਦੀ ਲਈ ਸੁਦੇਸ਼ੀ, ਸਰਕਾਰ ਪ੍ਰਤੀ ਨਾ ਮਿਲਵਰਤਨ ਤੇ ਅਹਿੰਸਾ ਰੱਖਣ ਵਾਲੇ ਅੰਦੋਲਨ ਬਾਰੇ ਵੀ ਦੱਸਿਆ। ਉਹਨਾਂ ਇਹ ਵੀ ਕਿਹਾ ਕਿ ਵਿਸ਼ਵ ਵਿਚ 20 ਲੱਖ ਉਹਨਾਂ ਦੇ ਪੈਰੋਕਾਰ ਹਨ, ਜਿਨ੍ਹਾਂ ਵਿਚੋਂ 2000 ਯੂ. ਕੇ. **(ਬਾਕੀ ਸਫਾ 6 'ਤੇ)**

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

## ਪੁਜਾਰੀਆਂ ਨੇ ਚਿਠੀ ਲਿਖਣੀ ਕੂਕੇ ਤਨਖਾਹੀਏ ਹੈਨ ਗੁਰੂ ਦੁਆਰੀ ਭੇਜਣੀ

ਆਪੇ ਸਿਖ ਤੇ ਸਾਧ ਮਹੰਤ ਬਣਦੇ, ਪੈਰੀਂ ਪੈਣ ਆਪੇ ਛਾਲਾਂ ਮਾਰ ਸਾਰੇ।
ਸਾਡੇ ਨਾਲ ਹੈ ਉਹਨਾਂ ਦਾ ਵਾਸਤਾ ਕੀ ਜੇੜ੍ਹੇ ਕਰਨ ਬੇ ਅਦਬ ਦੇ ਕਾਰ ਸਾਰੇ।
ਇਨਾਂ ਸਿਖੀ ਨੂੰ ਬਹੁਤ ਬਿਗਾੜ ਦਿਤਾ, ਲੋਕ ਕਰੇ ਕੂਕੇ ਹਾਕਾਂ ਮਾਰ ਸਾਰੇ।
ਕੋਈ ਦਿਨਾਂ ਤਾਈਂ ਸਾਰਾ ਦੇਸ਼ ਬਿਗੜੇ, ਇਨਾਂ ਸਿਖ ਕੀਤੇ ਚੋਰ ਯਾਰ ਸਾਰੇ।
ਆਪਾਂ ਤਾਈਂ ਨਾ ਕਿਸੇ ਨੇ ਮੰਨਣਾ ਜੇ, ਨਉਂਦਾ ਦੇਣਾ ਨਾਂ ਵਿਚ ਸੰਸਾਰ ਸਾਰੇ।

(ਚਲਦਾ)

# 111ਵਾਂ ਸਾਲਾਨਾ ਜਪ ਪ੍ਰਯੋਗ ਆਰੰਭ..(ਬਾਕੀ ਸਫਾ 1 ਦੀ)



**ਸ੍ਰੀ ਭੈਣੀ ਸਾਹਿਬ ਵਿਖੇ ਨੌਜਵਾਨ ਅਤੇ ਬੀਬੀਆਂ ਅੰਮ੍ਰਿਤ ਛਕਦੇ ਹੋਏ।**

ਮਾਈਆਂ ਹਰੀ ਮੰਦਰ ਵਿਚ ਜਪ ਪ੍ਰਯੋਗ 2 ਤੋਂ 4 ਵਜੇ ਤਕ ਕਰਨਗੀਆਂ ਤੇ 4 ਵਜੇ ਪ੍ਰਤਾਪ ਮੰਦਰ ਵਿਚ ਜਾਕੇ ਆਸਾ ਦੀ ਵਾਰ ਦਾ ਕੀਰਤਨ ਸੁਣਨਗੀਆਂ ਤੇ ਸਿੰਘਾਂ ਦਾ ਜਪ ਪ੍ਰਯੋਗ ਪ੍ਰਤਾਪ ਮੰਦਰ ਵਿਚ 2 ਤੋਂ 4 ਵਜੇ ਤਕ ਅਤੇ ਇਸਦੇ ਨਾਲ ਹੀ ਆਸਾ ਦੀ ਵਾਰ ਆਰੰਭ ਹੋ ਜਾਵੇਗੀ। ਦੁਪਹਿਰ ਨੂੰ 12 ਤੋਂ 4 ਅਤੇ ਸਵੇਰੇ 2 ਤੋਂ 6 ਵਜੇ ਤਕ 4-4 ਘੰਟੇ ਨਿਤਨੇਮ ਹੋਵੇਗਾ। ਇਸ ਤਰ੍ਹਾਂ ਕੁਲ 8 ਘੰਟੇ ਨਿਤਨੇਮ ਹੋਵੇਗਾ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਸੀ ਕਿ ਕੋਈ ਵੀ ਸਰੀਰ ਇਧਰ ਉਧਰ ਨਾ ਜਾਵੇ। ਇਕ ਮਨ ਇਕਾਗਰ ਹੋ ਕੇ ਨਾਮ ਸਿਮਰਨ ਕੀਤਾ ਜਾਵੇ। ਕੋਈ ਵੀ ਸਰੀਰ ਮੋਬਾਈਲ ਫੋਨ ਲੈ ਕੇ ਨਾ ਆਵੇ।

ਜਪ ਪ੍ਰਯੋਗ ਵਿਚ ਸ਼ਾਮਲ ਹੋਣ ਲਈ ਦੇਸ਼ਾਂ ਪ੍ਰਦੇਸ਼ਾਂ ਤੋਂ ਸੰਗਤ ਆਪੋ ਆਪਣੇ ਸਾਧਨ ਰਾਹੀਂ 16 ਸਤੰਬਰ ਸ਼ਾਮ ਤਕ ਸ੍ਰੀ ਭੈਣੀ ਸਾਹਿਬ ਪਹੁੰਚ ਚੁੱਕੀ ਸੀ। ਸਾਰੀ ਸੰਗਤ ਇਸ਼ਨਾਨ ਪਾਣੀ ਕਰਕੇ ਅੰਮ੍ਰਿਤ ਛਕ ਰਹੀ ਸੀ। ਅੰਮ੍ਰਿਤ ਛਕਾਉਣ ਲਈ ਮੁਠੱਡਾ ਕਲਾਂ ਦਾ ਵਿਦਿਅਕ ਜਥਾ ਸੇਵਾ ਕਰ ਰਿਹਾ ਸੀ। ਅੰਮ੍ਰਿਤ ਛਕਣ ਲਈ 17-9-2015 ਦੀ ਆਸਾ ਦੀ ਵਾਰ ਤਕ ਲੰਮੀਆਂ ਕਤਾਰਾਂ ਲਗੀਆਂ ਹੋਈਆਂ ਸਨ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਆਪਣਾ ਜਪ ਪ੍ਰਯੋਗ ਕੋਠੀ ਵਿਚ 2 ਵਜਕੇ 5 ਮਿੰਟ ਤੇ ਆਰੰਭ ਕੀਤਾ। ਸੰਤ ਮਹਿੰਦਰ ਸਿੰਘ ਪੁਰਬਾ ਨੇ ਅਰਦਾਸ ਕੀਤੀ। ਅਰਦਾਸ ਦੇ ਸ਼ਬਦ ਸਨ :

*ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਮਧਾਰੀ ਪਰਿਵਾਰ ਤੇ ਮਿਹਰ ਭਰਿਆ ਹੱਥ ਰਖਣਾ। ਨਾਮਧਾਰੀ ਪਰਿਵਾਰ ਵਧੇ ਫੁੱਲੇ। ਸਿੰਘਾਂ ਤੇ ਬੀਬੀਆਂ ਦਾ ਜਪ ਪ੍ਰਯੋਗ ਵੀ 2 ਵਜੇ ਆਰੰਭ ਹੋਇਆ।*

ਸਾਰੀ ਸੰਗਤ ਤਿਆਰ-ਬਰ-ਤਿਆਰ ਹੋ ਕੇ 2 ਵਜੇ ਤਕ ਪ੍ਰਤਾਪ ਮੰਦਰ ਤੇ ਹਰੀ ਮੰਦਰ ਪਹੁੰਚ ਚੁਕੀ ਸੀ। ਸਾਰੀ ਸੰਗਤ ਚਿੱਟੇ ਬਸਤਰਾਂ ਵਿਚ, ਆਸਣ, ਮਾਲਾ ਨਾਲ ਸੁਸ਼ੋਭਿਤ ਸੀ। ਇਕ ਮਨ ਹੋ ਆਸਣ ਤੇ ਚੌਕੜਾ ਲਾ ਕੇ ਪ੍ਰਭੂ ਭਗਤੀ ਵਿਚ ਲੀਨ ਸਨ। ਇਹ ਇਕ ਤਰ੍ਹਾਂ ਦਾ ਸਵਰਗੀ ਨਜ਼ਾਰਾ ਸੀ। ਚਾਰੇ ਪਾਸੇ ਚੁਪ ਚਾਪ ਸ਼ਾਂਤੀ ਤੇ ਨਿੰਮੀ ਨਿੰਮੀ ਠੰਡਕ ਦਾ ਮੇਲ ਇਸ ਦ੍ਰਿਸ਼ ਨੂੰ ਚਾਰ ਚੰਨ ਲਾ ਰਿਹਾ ਸੀ। ਸੰਗਤਾ ਦਾ ਵਿਸ਼ਾਲ ਇਕਠ ਸੀ ਚਾਰੇ ਪਾਸੇ ਸੰਗਤਾਂ ਹੀ ਸੰਗਤਾਂ ਸਨ। ਪ੍ਰਯੋਗ ਦੀ ਅਰਦਾਸ ਤੋਂ ਬਾਅਦ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ 4.30 ਵਜੇ ਆਸਾ ਦੀ ਵਾਰ ਵਿਚ ਦਰਸ਼ਨ ਦਿੱਤੇ। ਵਾਰ ਦੀ ਸਮਾਪਤੀ 6.15 ਮਿੰਟ ਤੇ ਹੋਈ। ਆਸਾ ਦੀ ਵਾਰ ਦਾ ਸਿੱਧਾ ਪ੍ਰਸਾਰਣ ਸਵੇਰੇ 4 ਵਜੇ ਤੋਂ 6 ਵਜੇ ਤਕ ਚਲਦਾ ਰਹੇਗਾ। ਦੁਪਹਿਰ ਵੇਲੇ 12 ਵਜੇ ਕਥਾ ਚਲਦੀ ਰਹੇਗੀ। ਜਪ ਪ੍ਰਯੋਗ ਦੌਰਾਨ ਰਾਤ ਦਾ ਨਿਤਨੇਮ ਬੰਦ ਰਹੇਗਾ। ਸ੍ਰੀ ਸਤਿਗੁਰੂ ਜੀ ਦੋਨੋਂ ਟਾਈਮ ਦਰਸ਼ਨ ਦੇਣ ਦੀ ਕਿਰਪਾ ਕਰਦੇ ਰਹਿਣਗੇ।

ਆਸਾ ਦੀ ਵਾਰ ਵਿਚ ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਸਾਰੀ ਸੰਗਤ ਨੇ ਵਾਰੋ ਵਾਰੀ ਕਤਾਰਾਂ ਵਿਚ ਆਕੇ ਦਰਸ਼ਨ ਕੀਤੇ। ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਕੀਤਾ। ਉਸ ਤੋਂ ਬਾਅਦ ਦਿਨ ਦੇ ਪ੍ਰੋਗਰਾਮ ਦੀ ਅਨਾਊਂਸਮੈਂਟ ਕੀਤੀ ਗਈ। ਜਪ ਪ੍ਰਯੋਗ ਵਿਚ ਸ਼ਾਮਲ ਸਿੰਘਾਂ ਤੇ ਬੀਬੀਆਂ ਦੀ ਗਿਣਤੀ ਇਸ ਪ੍ਰਕਾਰ ਸੀ :


| | | ਸਿੰਘ | ਬੀਬੀਆਂ | ਕੁੱਲ |
|---|---|---|---|---|
| 17-9-2015 | | | | |
| | 2 ਵਜੇ | 2588 | 2882 | 5470 |
| | 3 ਵਜੇ | 2980 | 3580 | 6560 |
| 18-9-2015 | | | | |
| | 2 ਵਜੇ | 456 | 924 | 1380 |
| | 3 ਵਜੇ | 510 | 992 | 1502 |
| 19-9-2015 | | | | |
| | 2 ਵਜੇ | 468 | 992 | 1460 |
| | 3 ਵਜੇ | 522 | 1095 | 1617 |

ਇਸ ਤਰ੍ਹਾਂ ਇਹ ਸਲਾਨਾ ਜਪ ਪ੍ਰਯੋਗ ਇਕ ਮਹੀਨਾ ਲਗਾਤਾਰ ਚਲਦਾ ਰਹੇਗਾ। ਸ੍ਰੀ ਸਤਿਗੁਰੂ ਜੀ ਦਾ ਲੰਗਰ ਅਤੁਟ ਵਰਤਦਾ ਰਹੇਗਾ।

**–ਗੁਰਦੇਵ ਸਿੰਘ ਚੀਮਾ**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਅੱਠੇ ਪਹਿਰ ਗੁਰੂ ਦਾ ਨਾਮ ਜਪੋ



ਅਸੀਂ ਬੈਠਦੇ ਆਂ ਸਿਮਰਨ ਕਰਨ ਲਈ ਤੇ ਸਾਡਾ ਮਨ ਜਿਹੜਾ ਬਾਹਰ ਜਾਂਦੈ ਇਹ ਕਿੰਜ ਕਾਬੂ ਕਰੀਏ ਤਾਂ ਇਸ ਬਾਰੇ ਜ਼ਰੂਰ ਸਤਿਗੁਰੂ ਅੱਗੇ ਅਰਦਾਸ ਕਰਾਂਗੇ।

ਅਰਦਾਸ ਕਿੰਨੀ ਵਾਰੀ ਕਰਨੀ ਚਾਹੀਦੀ ਏ? ਕੋਈ ਬਿਮਾਰ ਹੋ ਜਾਂਦੈ, ਉਸ ਨੂੰ ਅਰਜ਼ ਕਰੀਦੀ ਏ, ਤੂੰ ਭਜਨ ਕਰ, ਸਿਮਰਨ ਕਰ, ਉਹ ਆਂਹਦੈ ਕਿੰਨੇ ਚਿਰ ਵਾਸਤੇ। ਲੇਕਿਨ ਕਬੀਰ ਜੀ ਲਿਖਦੇ ਨੇ–

**ਕਬੀਰ ਕੇਸੌ ਕੇਸੌ ਕੂਕੀਐ ਨ ਸੋਈਐ ਅਸਾਰ।।**

ਉਹ ਤੇ ਸੌਣ ਵਾਸਤੇ ਵੀ ਨਹੀਂ ਕਹਿੰਦੇ, ਬਿਨਾਂ ਸੁੱਤਿਆਂ ਅੱਠੇ ਪਹਿਰ ਗੁਰੂ ਦਾ ਨਾਂ ਲਈ ਜਾਓ।

## ਮਨ ਨੂੰ ਆਪਣੇ ਵਸ ਕਰੋ

ਮਨ ਨੂੰ ਜੇ ਆਪਣੇਂ ਵਸ ਵਿਚ ਕਰ ਲਈਏ, ਤਾਂ ਕਿਸੇ ਵੀ ਚੀਜ਼ ਦੀ ਪ੍ਰਾਪਤੀ ਔਖੀ ਨਹੀਂ, ਫੇਰ ਇਸ ਨੂੰ ਵਸ ਕਿਉਂ ਨਾ ਕਰੀਏ। ਅਕਾਲ ਪੁਰਖ ਈਸ਼ਵਰ ਦੀ ਪ੍ਰਾਪਤੀ ਏਡੀ ਔਖੀ ਪ੍ਰਾਪਤੀ ਹੈ, ਜਿਸ ਬਾਰੇ ਲਿਖਿਆ ਹੈ–

**ਹਰਿ ਕੀ ਗਤਿ ਨਹਿ ਕੋਊ ਜਾਨੈ।।**
**ਜੋਗੀ ਜਤੀ ਤਪੀ ਪਚਿਹਾਰੇ ਅਰੁ ਬਹੁ ਲੋਗ ਸਿਆਨੇ।।**

ਏਡੀ ਵੱਡੀ ਚੀਜ਼ ਦੀ ਪ੍ਰਾਪਤੀ ਜਦੋਂ ਹੋ ਜਾਂਦੀ ਏ ਤਾਂ ਦੂਜੀਆਂ ਚੀਜ਼ਾਂ ਏਸ ਤੋਂ ਬਹੁਤ ਹੇਠਾਂ ਰਹਿ ਜਾਂਦੀਆਂ ਨੇ। ਉਹ ਏਸ ਤੋਂ ਘੱਟ ਇਕਾਗਰਤਾ ਨਾਲ ਵੀ ਪ੍ਰਾਪਤ ਹੋ ਸਕਦੀਆਂ ਨੇ। ਹੋਰ ਕਿਹੜੀ ਚੀਜ਼ ਏ ਜਿਹੜੀ ਲਾਂਭੇ ਰਹਿ ਜਾਵੇਗੀ। ਇਹ ਕੋਸ਼ਿਸ਼ ਕਰਿਆ ਕਰੋ।❖

# ਗੁਰ-ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਾਡਾ ਟਾਰਗੇਟ (ਟੀਚਾ) ਕੀ ਹੈ



*ਸਾਧ ਸੰਗਤ ਜੀ ਸਿਖੀ ਬਹੁਤ ਉਚੀ ਹੈ, ਗੁਰਬਾਣੀ ਵਿਚ ਲਿਖਿਆ ਹੈ :*

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ*
*ਭਾਂਬੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ।।*

*ਆਪਣੇ ਵਿਚ ਤੇ ਪ੍ਰਮਾਤਮਾ ਵਿਚ ਬੜੇ ਛੋਟੇ ਜਿਹੇ ਰੂਪ ਵਿਚ, ਇਹਦਾ ਮਤਲਬ ਇਹ ਹੈ, ਕਿ ਆਪਣੇ ਵਿਚ ਅਤੇ ਪ੍ਰਮਾਤਮਾ ਵਿਚ ਇਕ ਹੰਕਾਰ ਦਾ ਪੜਦਾ ਹੈ। ਜਦੋਂ ਹੰਕਾਰ ਦਾ ਪੜਦਾ ਖਤਮ ਹੋ ਜਾਂਦਾ ਹੈ, ਫਿਰ ਸਾਨੂੰ ਸਾਰਿਆਂ ਵਿਚ ਪ੍ਰਮਾਤਮਾ ਦਿਸਣ ਲਗ ਜਾਂਦਾ ਹੈ, ਤੇ ਫਿਰ ਸਾਨੂੰ ਉਸ ਤੋਂ ਬਿਨਾਂ ਕੋਈ ਦਿਸਦਾ ਹੀ ਨਹੀਂ। ਫਿਰ ਸਾਨੂੰ ਕੋਈ ਮਾੜਾ ਲਗਦਾ ਹੀ ਨਹੀਂ ਤੇ ਫਿਰ ਸਾਨੂੰ ਇਵੇਂ ਮਹਿਸੂਸ ਹੁੰਦਾ ਹੈ ਸਿੱਖੀ ਇਹ ਹੀ ਹੈ ਕਿ ਸਾਰਿਆਂ ਤੋਂ ਬੁਰਾ ਮੈਂ ਹੀ ਹਾਂ। ਮੇਰੇ ਤੋਂ ਬੁਰਾ ਕੋਈ ਹੈ ਹੀ ਨਹੀਂ। ਇਹ ਜੋ ਕੁੱਝ ਹੈ ਇਹ ਉਸ ਪ੍ਰਮਾਤਮਾ ਦੀ ਕਰੀਏਸ਼ਨ (ਕਿਰਤ) ਹੈ। ਇਹ ਸਾਰਾ ਕੁਝ ਸਮਝਣ ਨੂੰ ਯੰਗਸ਼ਟਰ (ਨੌਜਵਾਨ) ਮੇਰਾ ਮਤਲਬ ਹੈ ਜੋ 30 ਸਾਲ ਤੋਂ ਘਟ ਨੇ ਉਹ ਬੱਚੇ ਇਥੇ ਬੇਸ਼ਕ ਮੇਰੇ ਹੁੰਦਿਆਂ ਹੀ ਤੁਸੀਂ ਆਪਣਾ ਨਾਮ ਲਿਖਾਉ, ਆਪਾਂ ਕਿਸੇ ਵੇਲੇ ਵੀ ਮਿਲ ਬੈਠਣ ਦਾ ਪ੍ਰੋਗਰਾਮ ਕਰ ਲਈਏ।*

*ਸਾਰਿਆਂ ਤੋਂ ਪਹਿਲਾਂ ਤੁਸੀਂ ਕਿਤੇ ਵੀ ਜਾਂਦੇ ਹੋ। ਤੁਸੀਂ ਯੂਨੀਵਰਸਿਟੀ ਜਾਂਦੇ ਹੋ, ਆਪਾਂ ਇਕ ਟਾਰਗੇਟ (ਟੀਚਾ) ਲੈ ਕੇ ਜਾਂਦੇ ਹਾਂ। ਤੇ ਆਪਣਾ ਇਥੇ ਆਉਣ ਦਾ ਵੀ ਇਕ ਟਾਰਗੇਟ ਹੈ। ਬੜੀ ਵਧੀਆ ਗੱਲ ਹੈ ਕਿ ਆਪਾਂ ਆਏ ਲੰਗਰ ਪਾਣੀ ਛਕਿਆ, ਇਕਠੇ ਹੋਏ, ਮਿਲੇ ਇਸ ਬਹਾਨੇ। ਤੁਸੀਂ ਉਹ ਵਰਦੀ ਸੱਚੇ ਪਾਤਸ਼ਾਹ ਜੀ ਦੀ ਪਾ ਲਈ। ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਹੁਕਮ ਵਿਚ ਆਉਂਦਾ ਹੈ ਕਿ ਸ਼ਾਇਦ ਅਸੀਂ ਭੁਲੇਖੇ ਨਾਲ ਹੀ ਬਖਸ਼ੇ ਜਾਈਏ। ਪਰ ਉਹ ਗੱਲ ਠੀਕ ਹੈ ਪਰ ਸਾਨੂੰ ਇਹ ਪਤਾ ਹੋਵੇ ਕਿ ਅਸੀਂ ਇਥੇ ਕਿਉਂ ਆਉਂਦੇ ਹਾਂ, ਸਾਡਾ ਟਾਰਗੇਟ ਕੀ ਹੈਗਾ। ਜੇ ਅਸੀਂ ਉਸ ਟਾਰਗੇਟ ਤੇ ਤੁਰ ਪਵਾਂਗੇ ਤਾਂ ਕੁਝ ਪ੍ਰਾਪਤ ਕਰ ਲਵਾਂਗੇ। ਹਰ ਕੋਈ ਪੀ. ਐਚ. ਡੀ. ਨਹੀਂ ਕਰਦਾ। ਕੋਈ ਪੋਸਟ ਗ੍ਰੈਜੂਏਟ ਹੋ ਜਾਏਗਾ, ਕੋਈ ਅੰਡਰ ਗ੍ਰੈਜੂਏਟ ਹੋ ਜਾਏਗਾ, ਕੋਈ ਮਾਸਟਰ ਹੋ ਜਾਏਗਾ, ਕੋਈ ਪੀ. ਐਚ. ਡੀ. ਕਰ ਲਏਗਾ ਪਰ ਸਾਨੂੰ ਇਹ ਪਤਾ ਤੇ ਹੋਵੇ ਅਸੀਂ ਕਿਸ ਰਸਤੇ ਤੇ ਤੁਰਨਾ ਅਸੀਂ ਪ੍ਰਾਪਤ ਕੀ ਕਰਨਾ ਹੈ, ਅਸੀਂ ਕਿਥੇ ਜਾਣਾ ਹੈ। ਜੇ ਤੁਸੀਂ ਰਿਸਰਚ ਵੀ ਕਰਨੀ ਹੈ ਉਹ ਰਸਤਾ ਤੁਹਾਨੂੰ ਕਿਥੋਂ ਲੱਭਣਾ ਹੈ ਉਹ ਰਸਤਾ ਸਾਨੂੰ ਗੁਰਬਾਣੀ ਵਿਚੋਂ ਲੱਭਣਾ ਹੈ। ਉਸ ਅਕਾਲ ਪੁਰਖ ਦੇ ਚਰਣੀ ਲਗਿਆਂ ਲੱਭਣਾ ਹੈ।* –ਨੌਰਥੋਲਟ 22 ਅਗਸਤ 2015

1920 में स्थापित सतिजुग

# ਫਗਵਾੜਾ ਵਿਖੇ ਅਟੱਲ ਪ੍ਰਤਾਪੀ ਦੀ ਯਾਦ ਵਿਚ ਮੇਲਾ

ਅਟਲ ਪ੍ਰਤਾਪੀ ਵੱਡੇ ਪ੍ਰਤਾਪ ਵਾਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਮੇਲਾ ਨਾਮਧਾਰੀ ਧਰਮਸ਼ਾਲਾ ਫਗਵਾੜਾ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ। ਸਵੇਰੇ 8 ਵਜੇ ਵਾਰੇ ਦਾ ਪ੍ਰਵਾਹ ਚਲਿਆ। ਸਭ ਤੋਂ ਪਹਿਲਾਂ ਸੰਤ ਕੁਲਵੰਤ ਸਿੰਘ ਚਾਨਾ ਨੇ –

*ਗੁਣ ਗਾਵਾਂ ਅਟਲ ਪ੍ਰਤਾਪੀ ਦੇ*
*ਜੋ ਸਰਬ ਸੁਖਾਂ ਦਾ ਦਾਨੀ।*

ਸ਼ਬਦ ਦੀ ਧਾਰਨਾ ਲੈ ਕੇ ਤਕਰੀਬਨ ਅੱਧਾ ਘੰਟਾ ਦਿਵਾਨ ਲਗਾਕੇ ਸਤਿਗੁਰੁ ਪ੍ਰਤਾਪ ਸਿੰਘ ਜੀ ਦੀ ਯਾਦ ਨੂੰ ਤਾਜ਼ਾ ਕੀਤਾ। ਉਪਰੰਤ ਜਥੇਦਾਰ ਗੁਰਦੇਵ ਸਿੰਘ ਦਿੱਲੀ ਨੇ –

*ਯਾਦਾਂ ਦੀ ਕਹਾਣੀ ਏ*
*ਗੁਰੂ ਪ੍ਰਤਾਪ ਦੀਆਂ।*

ਸ਼ਬਦ ਦੀ ਧਾਰਨਾ ਲਾ ਕੇ ਦਿਵਾਨ ਆਰੰਭਿਆ ਤੇ ਸੱਚੇ ਪਾਤਸ਼ਾਹ ਜੀ ਦੀਆਂ ਸਾਖੀਆਂ ਸਾਧ ਸੰਗਤ ਨੂੰ ਸਰਵਣ ਕਰਵਾਈਆਂ। ਜਥੇਦਾਰ ਜੀ ਨੇ ਸੱਚੇ ਪਾਤਸ਼ਾਹ ਜੀ ਦੇ ਇਕ ਮੁਸਲਮਾਨ ਸਿੱਖ ਬਾਰੇ ਦੱਸਿਆ ਕਿ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਬਹੁਤ ਸ਼ਰਧਾ ਤੇ ਵਿਸ਼ਵਾਸ਼ ਰਖਦਾ ਸੀ। ਉਹ ਜਦੋਂ ਵੀ ਸੱਚੇ ਪਾਤਸ਼ਾਹ ਨੂੰ ਯਾਦ ਕਰਦਾ ਸੀ ਸੱਚੇ ਪਾਤਸ਼ਾਹ ਜੀ ਭਾਵੇਂ ਸੁਪਨੇ ਵਿਚ ਹੀ ਸਹੀ ਦਰਸ਼ਨ ਜ਼ਰੂਰ ਦਿੰਦੇ ਸਨ। ਸਤਿਗੁਰਾਂ ਨੇ ਜਦੋਂ ਵੀ ਕਿਤੇ ਜਾਕੇ ਮੰਜੇ ਤੇ ਬੈਠਣਾ ਤਾਂ ਉਹ ਉਹਨਾਂ ਦੇ ਮੰਜੇ ਦਾ ਪਾਵਾ ਫੜ ਕੇ ਬੈਠ ਜਾਂਦਾ ਸੀ। ਕਿਉਂਕਿ ਉਹ ਸਤਿਗੁਰਾਂ ਨੂੰ ਆਪਣਾ ਖੁਦਾ ਮੰਨਦਾ ਸੀ। ਧਾਰਨਾ–

*ਲੋਕੀ ਸਜ਼ਦਾ ਕਰਦੇ ਕਾਬੇ ਨੂੰ*
*ਮੇਰਾ ਸਜ਼ਦਾ ਭੈਣੀ ਵਾਲੇ ਨੂੰ*

ਅਤੇ

*ਜਿੰਦੜੀ ਨਿਮਾਣੀ ਹੋਈ ਲੈ ਲੈ ਤੇਰਾ ਨਾਮ।*

ਆਪਣੇ ਇਕ ਘੰਟੇ ਦੇ ਦਿਵਾਨ ਵਿਚ ਜਥੇਦਾਰ ਜੀ ਨੇ ਸੱਚੇ ਪਾਤਸ਼ਾਹ ਜੀ ਦੇ ਸੰਬੰਧ ਵਿਚ ਹੋਰ ਵੀ ਸਾਖੀਆਂ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਉਹਨਾਂ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਖਰੀ ਦੌਰਾ ਮੰਡੀ ਦਾ ਸੀ। ਉਥੋਂ ਵਾਪਸੀ ਤੇ ਪਿੰਡ ਪੱਦੀ ਖਾਲਸਾ ਵਿਖੇ ਇਕ ਖੂਹ ਤੇ ਰੁਕਕੇ ਸਾਧ ਸੰਗਤ ਨੂੰ ਦਰਸ਼ਨ ਦਿੱਤੇ ਤੇ ਉਥੇ ਲੰਗਰ ਵੀ ਕੀਤਾ। ਅਖੀਰ ਵਿਚ ਧਾਰਨਾ–

*ਗੁਰ ਪ੍ਰਤਾਪ ਸਿੰਘ*
*ਤੇਰੇ ਦਿਵਾਨੇ ਯਾਦ ਕਰਦੇ ਨੇ।*

ਸ਼ਬਦ ਪੜ੍ਹਕੇ ਦਿਵਾਨ ਦੀ ਸਮਾਪਤੀ ਕੀਤੀ। ਇਨ੍ਹਾਂ ਤੋਂ ਬਾਅਦ ਜਥੇਦਾਰ ਜੋਗਾ ਸਿੰਘ ਜਲੰਧਰ ਨੇ–

***ਸਗਲ ਪਦਾਰਥ ਜਿਸ ਮਿਲੇ ਪਿਆਰਿਆ***
***ਜਿਨ ਗੁਰ ਡਿੱਠਾ ਜਾਏ।***

ਸ਼ਬਦ ਦੀ ਧਾਰਨਾ ਲੈ ਕੇ 20 ਕੁ ਮਿੰਟ ਦਾ ਦਿਵਾਨ ਸਜਾਇਆ ਤੇ ਉਹਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਕ੍ਰਿਪਾਵਾਂ ਦਾ ਵਰਨਣ ਕਰਦਿਆਂ ਸਾਧ ਸੰਗਤ ਨੂੰ ਨਿਹਾਲ ਕੀਤਾ। ਉਨ੍ਹਾਂ ਦੱਸਿਆ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਨਾਲ ਬਹੁਤ ਪਿਆਰ ਕਰਦੇ ਸਨ। ਸੱਚੇ ਪਾਤਸ਼ਾਹ ਜੀ ਦਾ ਜਦੋਂ ਕਿਤੇ ਅਫਰੀਕਾ ਦਾ ਦੌਰਾ ਹੋਣਾ ਤਾਂ ਪੱਦੀ ਖਾਲਸਾ ਅਤੇ ਗੜ੍ਹਪਧਾਣੇ ਦਾ ਜਥਾ ਨਾਲ ਹੁੰਦਾ ਸੀ। ਉਹਨਾਂ ਦਿਨਾਂ ਵਿਚ ਸਿੱਖ ਐਨੇ ਪੈਸੇ ਵਾਲੇ ਨਹੀਂ ਹੁੰਦੇ ਸੀ ਉਨ੍ਹਾਂ ਤੜਕੇ ਉਠਕੇ ਆਸਾ ਦੀ ਵਾਰ ਲਾਉਣੀ, ਦਿਨੇ ਦਿਹਾੜੀਆਂ ਲਾਉਣੀਆਂ ਤੇ ਫਿਰ ਸ਼ਾਮ ਦਾ ਦਿਵਾਨ ਵੀ ਲਗਾਉਣਾ। ਦਿਵਾਨ ਤੋਂ ਬਾਅਦ ਸਤਿਗੁਰਾਂ ਨੇ ਕਈ ਵਾਰ ਅਪਣੇ ਸਿੱਖਾਂ ਦੇ ਬਿਸਤਰੇ ਆਪਣੇ ਹੱਥੀਂ ਵਿਛਾ ਦੇਣੇ, ਕਹਿਣਾ ਕਿ ਮੇਰੇ ਸਿੱਖ ਥੱਕ ਗਏ ਹੋਣੇ ਨੇ, ਧਾਰਨਾ–

*ਜੋ ਵੀ ਦਰ ਤੇਰੇ ਤੇ ਆਉਂਦੇ*
*ਝੋਲੀਆਂ ਭਰ ਕੇ ਜਾਂਦੇ ਆ।*

ਸ਼ਬਦ ਪੜ੍ਹਕੇ ਦਿਵਾਨ ਦੀ ਸਮਾਪਤੀ ਹੋਈ। ਇਸ ਮੌਕੇ ਪੰਜ ਸਧਾਰਨ ਪਾਠਾਂ ਦੇ ਭੋਗ ਪਾਏ ਗਏ।

1 ਪਾਠ ਦਾ ਭੋਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ,

1 ਪਾਠ ਦਾ ਭੋਗ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ

1 ਪਾਠ ਦਾ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ

1 ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ।

1 ਪਾਠ ਦਾ ਭੋਗ ਸੰਤ ਪ੍ਰੀਤਮ ਸਿੰਘ ਵਾਰੇ ਵਾਲੇ ਅਤੇ ਸੰਤ ਰਤਨ ਸਿੰਘ ਲਾਂਗਰੀ ਦੀ ਯਾਦ ਵਿਚ ਪਾਇਆ ਗਿਆ।

ਪਾਠਾਂ ਦੇ ਭੋਗ ਉਪਰੰਤ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸੰਤ ਗੁਰਮੁਖ ਸਿੰਘ ਰਹਿਬਰ ਸਾਧ ਸੰਗਤ ਨੂੰ ਸੰਬੋਧਿਤ ਹੁੰਦੇ ਹੋਏ ਉਹਨਾਂ ਦੱਸਿਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇਂ ਵਿਚ ਸਾਧ ਸੰਗਤ ਤੋਂ ਬਹੁਤ ਨਾਮ ਜਪਾਇਆ। ਕਿਸੇ ਵੀ ਹੋਰ ਸਤਿਗੁਰ ਨਾਲ ਉਹਨਾਂ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸ ਵੇਲੇ ਨੀਲੋਂ ਨਹਿਰ ਦੇ ਕੰਢੇ ਇਕਾਂਤ ਵਿਚ ਬੈਠਕੇ ਚਾਲੀ ਦਿਨ ਦਾ ਜਪ ਪ੍ਰਯੋਗ (ਸਿਮਰਨ) ਕਰਕੇ ਇਕ ਨਵੀਂ ਲੀਹ ਪਾ ਦਿੱਤੀ। ਉਹ ਰੀਤ ਹੁਣ ਤੱਕ ਚਲਦੀ ਆ ਰਹੀ ਹੈ। ਉਨ੍ਹਾਂ ਨੇ ਜਪ ਪ੍ਰਯੋਗ ਕਰਕੇ ਆਪਣੇ ਆਪ ਨੂੰ ਸਾਧਿਆ ਤੇ ਸਾਨੂੰ ਵੀ ਪ੍ਰੇਰਿਆ। ਸਤਿਗੁਰੂ ਅਕਾਲ ਪੁਰਖ ਹੁੰਦਾ ਹੈ ਕਿਸੇ ਵਿਚ ਵੀ ਇੰਨੀ ਸ਼ਕਤੀ ਨਹੀਂ ਹੈ ਕਿ ਕੋਈ ਸਾਡੇ ਸਤਿਗੁਰੂ ਨੂੰ ਸਾਡੇ ਕੋਲੋਂ ਖੋਹ ਲਵੇ, ਜਾਂ ਪ੍ਰਦੇਸ ਲੈ ਜਾਵੇ। ਸਤਿਗੁਰੂ ਆਪਣੀ ਮੌਜ ਦਾ ਮਾਲਕ ਹੁੰਦਾ ਹੈ। ਇਹ ਉਸਦੀ ਆਪਣੀ ਹੀ ਖੇਡ ਬਣਾਈ ਹੋਈ ਹੈ। ਅਖੀਰ ਵਿਚ ਸੂਬਾ ਜਸਬੀਰ ਸਿੰਘ ਨੇ ਕੁਝ ਸਮੇਂ ਵਾਸਤੇ ਸਤਿਗੁਰ ਦਾ ਗੁਣਗਾਨ ਕਰਦਿਆਂ ਅਨਾਉਂਸ ਕੀਤਾ ਕਿ 2-9-2015 ਦਿਨ ਬੁਧਵਾਰ ਨੂੰ ਧਰਮਸ਼ਾਲਾ ਵਿਖੇ 40 ਦਿਨ ਦਾ ਜਪ ਪ੍ਰਯੋਗ ਸ਼ੁਰੂ ਹੋਵੇਗਾ। ਸਮਾਂ ਸਵੇਰੇ 3 ਤੋਂ 5 ਵਜੇ। ਸਾਧ ਸੰਗਤ ਵਧ ਤੋਂ ਵਧ ਗਿਣਤੀ ਵਿਚ ਇਸ ਜਪ ਪ੍ਰਯੋਗ ਵਿਚ ਸ਼ਾਮਲ ਹੋਵੇ।

ਅਜ ਦੇ ਇਸ ਮੇਲੇ ਵਿਚ ਹੋਰ ਸਮੂੰਹ ਸਾਧ ਸੰਗਤ ਤੋਂ ਇਲਾਵਾ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸੰਤ ਗੁਰਮੁਖ ਸਿੰਘ ਰਹਿਬਰ, ਸੂਬਾ ਹਰਜੀਤ ਸਿੰਘ ਮੁਠਡਾ, ਸੂਬਾ ਜਸਬੀਰ ਸਿੰਘ ਪੱਦੀ ਖਾਲਸਾ, ਸੰਤ ਦਿਆਲ ਸਿੰਘ ਫਗਵਾੜਾ, ਪ੍ਰਧਾਨ ਸਰਦਾਰਾ ਸਿੰਘ ਨਗਰ, ਪ੍ਰਧਾਨ ਗੁਰਮੀਤ ਸਿੰਘ ਗੋਰਾਇਆ, ਸੰਤ ਸੋਹਣ ਸਿੰਘ ਭਿੰਡਰ ਆਦਿ ਸ਼ਾਮਿਲ ਹੋਏ। ਸਮਾਪਤੀ ਤੇ ਗੁਰੂ ਕਾ ਲੰਗਰ ਅਤੁਟ ਵਰਤਿਆ। ਅੱਜ ਦਾ ਇਹ ਮੇਲਾ ਸੰਤ ਪ੍ਰੀਤਮ ਸਿੰਘ ਵਾਰੇ ਵਾਲੇ ਪਿੰਡ ਪੱਦੀ ਖਾਲਸਾ ਦੇ ਸਮੂਹ ਪਰਿਵਾਰ ਵਲੋਂ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਗਿਆ।

***–ਬਲਦੇਵ ਸਿੰਘ ਨਾਮਧਾਰੀ ਫਗਵਾੜਾ***

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ, ਨਾ ਮਰਯਾਦਾ ਵਿਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਵੇ ?**

# ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

(ਪਿਛੋਂ ਤੋਂ ਅਗੇਂ)

ਪੰਜਾਬੀ ਅਨੁਵਾਦਕ
✍ ਮਾਸਟਰ ਅਮਰੀਕ ਸਿੰਘ

## ਆਸ਼ਰਮ ਵਿਚ ਸ੍ਰੀ ਰਾਮ ਦੀ ਕਥਾ ਸੁਨਾਈ ਕਲਯ ਯਾਦਵ ਨੇ

ਤੁਲਸੀ ਦਾਸ ਜੀ ਲਿਖ ਰਹੇ ਨੇ ਭਾਰਦਵਾਜ ਜੀ ਸੁਣਿਆ,
ਕਿਸੇ ਦਾ ਭਾਗ ਜੇ ਟੇਢਾ ਹੋ ਜੈ, ਉਸ ਨੇ ਮੇਰੂ ਬਣਨਾ।
ਰੱਸੀ ਸੱਪ ਜਹੀ ਬਣ-ਜਾਂਦੀ ਤੁਲਸੀ ਦਾਸ ਜੀ ਕਹਿੰਦੇ,
ਪੁੰਨ ਕੀਤੇ ਸਭ ਨਿਹਫਲ ਜਾਂਦੇ ਦੁਖ ਨੇ ਸਹਿਣੇ ਪੈਂਦੇ।

ਕ੍ਰੋਧਵਾਨ ਹੋ ਰਾਜੇ ਤਾਈਂ ਦੇਣ ਸਰਾਪ ਇਹ ਭਾਰਾ,
ਰਾਜਾ ਭਾਨੂੰ ਰਾਵਨ ਬਣਿਆ ਚਲਿਆ ਨ ਕੋਈ ਚਾਰਾ।
ਦਸ ਸਿਰ ਤੇ ਵੀਹ ਬਾਹਵਾਂ ਵਾਲਾ ਰਾਵਣ ਰਾਕਸ਼ ਬਣਿਆ,
ਰਾਜੇ ਦਾ ਭਰਾ ਅਰਿਦਮਨ ਸੀ ਜੋ ਕੁੰਭ ਕਰਨ ਕਹਾਇਆ।

ਰਾਜੇ ਦੇ ਪੁੱਤਰ ਤੇ ਸੇਵਕ ਬਣ ਗਏ ਰਾਖਸ਼ ਸਾਰੇ,
ਹਰ ਪ੍ਰਕਾਰ ਦੇ ਪਾਪ ਨੇ ਕਰਦੇ ਇਹ ਵੇਖੋ ਹਤਿਆਰੇ।
ਪਾਪ ਕਰੰਦੇ ਵੇਖ ਕੇ ਭਗਵਾਨ, ਕੱਢਿਆ ਰਾਹ ਅਨੋਖਾ,
ਵਰ ਕੋਈ ਮੰਗੋ ਤੁਸਾਂ ਤੇ ਹੋਇਆ, ਮੈਂ ਪ੍ਰਸੰਨ ਹਾਂ ਚੋਖਾ।

(ਚਲਦਾ)

# ਸੰਤ ਦਰਸਨ ਸਿੰਘ ਦੀ ਯਾਦ ਵਿਚ ਮੇਲਾ



**ਮੰਡੀ (ਹਿ. ਪ੍ਰ.)–** ਸ੍ਰੀ ਸਤਿਗੁਰੂ ਜੀ ਦੇ ਅਨਿੰਨ ਸੇਵਕ ਸੰਤ ਦਰਸਨ ਸਿੰਘ ਪੁਤਰ ਸੂਬਾ ਹਵੇਲਾ ਸਿੰਘ ਬੰਬਾ ਵਾਲਿਆਂ ਦੀ ਯਾਦ ਵਿਚ ਉਹਨਾਂ ਦੇ ਪਰਿਵਾਰ ਨੇ ਸਾਧ ਸੰਗਤ ਨੂੰ ਸੱਦ ਕੇ ਮੇਲਾ ਕਰਵਾਇਆ। ਰਾਤ ਨੂੰ 8 ਤੋਂ ਨਾਮ ਸਿਮਰਨ ਦੀ ਅਰਦਾਸ ਹੋਈ।। ਜਥੇਦਾਰ ਸੁਰਿੰਦਰ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਕਥਾ ਕੀਤੀ ਤੇ ਦੱਸਿਆ ਅਸਾਂ ਸਾਰਿਆਂ ਨੇ ਹੀ ਇਸ ਸੰਸਾਰ ਤੋਂ ਜਾਣਾ ਹੈ ਸ੍ਰੀ ਸਤਿਗੁਰੂ ਜੀ ਦੇ ਹੁਕਮ ਵਿਚ ਚਲਕੇ ਨਾਮ ਸਿਮਰਨ ਤੇ ਸਾਧ ਸੰਗਤ ਦੀ ਸੇਵਾ ਕਰਨੀ ਚਾਹੀਦੀ ਹੈ। ਉਸ ਨਾਲ ਹੀ ਸਾਡਾ ਭਲਾ ਹੋ ਸਕਦਾ ਹੈ। ਸੰਤ ਦਰਸਨ ਸਿੰਘ ਨੇ ਸਾਰੀ ਉਮਰ ਹੀ ਨਾਮ ਸਿਮਰਨ ਤੇ ਸਾਧ ਸੰਗਤ ਦੀ ਸੇਵਾ ਕੀਤੀ ਹੈ ਤੇ ਆਪਣੇ ਪਰਿਵਾਰ ਨੂੰ ਵੀ ਸ੍ਰੀ ਸਤਿਗੁਰੂ ਜੀ ਨਾਲ ਜੋੜ ਕੇ ਰਖਿਆ ਹੈ। ਜਥੇਦਾਰ ਸਾਧਾ ਸਿੰਘ ਨੇ ਸੰਤ ਦਰਸ਼ਨ ਸਿੰਘ ਬਾਰੇ ਦੱਸਿਆ ਕਿ ਮੈਂ ਉਹਨਾਂ ਨੂੰ ਬਹੁਤ ਪਹਿਲਾਂ ਤੋਂ ਹੀ ਜਾਣਦਾ ਹਾਂ। ਉਹਨਾਂ ਆਪਣੇ ਜੀਵਨ ਵਿਚ ਨਾਮ ਸਿਮਰਨ ਦੀ ਕਮਾਈ ਕੀਤੀ ਅਤੇ ਅੰਤ ਸਮੇਂ ਤਕ ਸਾਧ ਸੰਗਤ ਦੀ ਸੇਵਾ ਕਰਦੇ ਰਹੇ।

ਬੀਬੀ ਹਰਦੀਪ ਕੌਰ ਨੇਰ ਚੋਕ ਵਾਲਿਆਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਗੀਤ ਗਾਇਨ ਕੀਤਾ :

*ਕਉਣ ਕਰੂਗਾ ਰੀਸਾਂ ਗੁਰ ਜਗਜੀਤ ਦੀਆਂ।*
*ਕਉਣ ਕਰੂਗਾ ਰੀਸਾਂ ਮਨ ਕੇ ਮੀਤ ਦੀਆਂ।*

ਬਾਅਦ ਵਿਚ ਬੀਬੀ ਕਵਲ ਕੌਰ ਤੇ ਸਾਥੀਆਂ ਨੇ ਸ਼ਬਦ ਗਾਇਨ ਕੀਤਾ ਜਿਸ ਦੇ ਬੋਲ ਸਨ :

***ਰਾਮ ਰੱਸ ਪੀਆ ਰੇ ਜਿਹ ਰਸ ਬਿਸਰਿ ਗਏ ਰਸ ਅਉਰ।।***

ਅੰਤ ਵਿਚ ਸੰਤ ਦਰਸਨ ਸਿੰਘ ਦੇ ਪਰਿਵਾਰ ਬੀਬੀ ਰਜਿੰਦਰ ਕੌਰ, ਸੰਤ ਭਗਵੰਤ ਸਿੰਘ, ਮਨਮੋਹਣ ਸਿੰਘ ਵਲੋਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ। ਸਾਰੀ ਸਾਧ ਸੰਗਤ ਦੀ ਪ੍ਰੇਮ ਭਾਵ ਨਾਲ ਸੇਵਾ ਕੀਤੀ ਗਈ।

# ਸੰਤ ਨਿਰੰਜਨ ਸਿੰਘ ਨਮਿਤ ਮੇਲਾ

ਸ੍ਰੀ ਸਤਿਗੁਰੂ ਜੀ ਦੇ ਅਨਿੰਨ ਸੇਵਕ ਸੰਤ ਨਿਰੰਜਨ ਸਿੰਘ ਦੀ ਯਾਦ ਵਿਚ ਪਰਿਵਾਰ ਵਲੋਂ ਮੇਲਾ ਕਰਵਾਇਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਉਪਰੰਤ ਨਾਮ ਸਿਮਰਨ ਹੋਇਆ। ਜਥੇਦਾਰ ਸਾਧਾ ਸਿੰਘ ਨੇ ਸੰਤ ਨਿਰੰਜਨ ਸਿੰਘ ਦੀ ਯਾਦ ਤਾਜ਼ਾ ਕਰਵਾਈ ਕਿਸ ਤਰ੍ਹਾਂ ਦੀ ਜੋ ਵੀ ਸੇਵਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਲਗਾਈ ਤਨੋ ਮਨੋ ਧਨੋ ਹੋ ਕੇ ਕੀਤੀ। ਪਰਿਵਾਰ ਵਲੋਂ ਸੰਤ ਨਿਰੰਜਨ ਸਿੰਘ ਦੀ ਯਾਦ ਵਿਚ ਇਸ ਸਧਾਰਨ ਪਾਠ ਦਾ ਭੋਗ ਪਾਇਆ ਗਿਆ। ਅੱਜ ਬੱਚਿਆਂ ਨੂੰ ਇਨਾਮ ਵੀ ਸੰਤ ਨਿਰੰਜਨ ਸਿੰਘ ਦੇ ਪਰਿਵਾਰ ਵਲੋਂ ਦਿੱਤੇ ਗਏ। ਪਰਿਵਾਰ ਵਲੋਂ ਸ੍ਰੀ ਸਤਿਗੁਰੂ ਜੀ ਦੀਆਂ ਦਿੱਤੀਆਂ ਦਾਤਾਂ ਵਿਚੋਂ ਆਈ ਸੰਗਤ ਵਾਸਤੇ ਲੰਗਰ ਤਿਆਰ ਸੀ, ਸਾਰੇ ਪਰਿਵਾਰ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ।

**–ਸਤਵੰਤ ਸਿੰਘ ਮੰਡੀ**

# INDIAN SPIRITUAL LEADER PAYS A VISIT TO SHANNON



**Mayor of County Clare Cllr James Breen greeting Sri Satguru Uday Singh Ji on arrival into Shannon Airport, Ireland**

The spiritual leader of India's Namdhari Sikh community arrived in Shannon recently on a two-day visit to Ireland.

Sri Satguru Uday Singh Ji was greeted on arrival at the Shannon Airport by the cathaoirleach of Clare County Council, Cllr James Breen, Fine Gael Senator Tony Mulcahy and members of the local Namdhari community including local Businessman Paramjit Neote.

Mr. Neote came to Shannon in 1998 and is the founder of Shannon Aircraft Motor Works.

The Namdhari are a peaceful and music-loving people with some 2.3 million believers founded in the Punjab in the middle of the 19th Century.

At that time 300m Indians were under British rule, the Namdhari were the first to preach non-violence, boycott and civil disobedience as part of the rebellion against the forces of empire.

They became known as the "Torch bearer of India's freedom Struggle". In 1872 Britain executed 65 Namdharis and their leader, Satguru Ram Singh, went into exile.

By 2009 the sacrifices made by the Namdhari Sikhs was given official recognition by the Government of India.

Namdharis are easily recognised by their distinctive clothing, as they dress only in white hand-woven cloth with their turban tied straight across the forehead.

Strict Vegetarians, Namdharis lead a simple and humble life and are opposed to the killing of animals, historically they are known in India as protectors of the Sahiwal breed of cow.

A distinguishing feature of their faith is a belief in a living Guru. For Namdharis, Satguru Uday Singh Ji is a divinity and latest in a long line of Gurus.

Prior to becoming spiritual leader, Uday Singh Chandigarh had been head of India's largest vegetable and flower seed producing company



**Asa-di-waar at S. Paramjit Singh Neote's residence in Cratloe, Ireland**

SATJUG
ESTABLISHED IN 1920

# CANADA & US SANGAT CELEBRATE GURPURABS

Namdhari committee members Sh. Harjeet Singh, Sh. Harjinder Singh, Sh. Ranjit Singh, Sh. Harpal Singh, Sudharshan Singh and Sh. Sukhdev Singh organized a sangat event in memory of Sri Satguru Ram Singh Ji, Sri Satguru Partap Singh Ji and Sri Satguru Jagjit Singh Ji on September 5th and 6th.

The event was to coincide with the 200th celebration of the holy birth of Sri Satguru Ram Singh Ji and the Dasttar Bandhi of Sri Satguru Jagjit Singh Ji.

Sangat travelled for hours in both the US and Canada to converge in the small town of Getzville, Buffalo in a Hindu Cultural Centre. Ladies provided an unrelenting work ethic to provide Lungar for the sadh sanagat over the two days as families would arrive tired, and exhausted after long travel.

The hall was beautifully decorated with banners showcasing the various daura's carried out by Sri Satguru Jagjit Singh Ji in the US, Canada, England, Africa, Thailand, Europe, and India.

Performances were held by youth and senior citizens; in the area of kirtan, Katha, Diwan and speeches. The event showcased some of the best and brightest talents that form the North American Namdhari community. The event provided a platform under Sri Satguru Uday Singh Ji Kirpa for the next generation of Namdhari youth to excel in all aspects of our panth.

Religious Havans were performed and Naam Simran was carried out, this was followed by a live Updesh from Sri Satguru Uday Singh Ji, requesting Namdhari's to carryout paryog where ever they are and to perform Naam Simran.

The event ended with a speech encouraging youth and identifying all the activities the Namdhari Toronto Community had performed over the last year, examples were, Youth Havan, Varni's, Seva, Sports and recreational activities, picnic's and charity events. Followed by the US Committee supported by Canadian committee along with Suba Gurdial Singh and Suba Resham Singh provided participants young and old with certificates and plaques for further encouragement.

**Balbir Singh (Bobby)**

# INVESTITURE CEREMONY

Annual Investiture Ceremony was organized in the premises of Shaheed Bishan Singh Memorial Sr. Sec. School. Students were vested with powers on July 25 to become future leaders. The transfer of powers and responsibility was done in the presence of the Chief Guest Mr. Suresh Kumar Kaushik (ACP Rajouri Garden) Chairman of the school Mr. H.S. Hanspal and the Managing Committee. The new members of the School Parliament were appointed to office by an oath taking ceremony in which the leaders pledged to uphold the ethics and ideals of the school and to keep the school banner flying high.

The School Parliament comprised Head Boy Gograj and Head Girl Sukhvinder Kaur, Deputy Head Boy, Deputy Head Girl, Ministers, Captains, Vice Captains of the four houses and prefects including Bal Sabha. All the members were honoured with badges. The Chief Guest advised the students to execute their duties with utmost sincerity and responsibility. He also reminded the contributions of Namdhari Sikhs in the freedom movement of India.


# MATRIMONIALS

**Alliance invited for Namdhari boy, 1985, 5 feet 6 inches, B.Tech, MBA, working in HCL.**

**Contact: 09910000470 Post Box:984**

❖❖❖

**Wanted Suitable match for Namdhari boy age 30, 6 feet, B.com (Pass) Own business.**

**Contact: 09810840321 Post Box:985**

**SATJUG**

**Namdhari Gurdwara Ramesh Nagar, New Delhi-15**

**e-mail : satjugweekly@gmail.com**

**satjugweekly@hotmail.com**

# ਸਤਿਗੁਰੂ ਜੀ ਦਾ ਸੁਆਗਤ ਸਤਿਕਾਰ...(ਬਾਕੀ ਸਫਾ 2 ਦੀ)



**ਰਾਮਗੜ੍ਹੀਆ ਕੌਂਸਲ ਯੂ. ਕੇ. ਦੇ ਪ੍ਰਧਾਨ ਸ. ਲਛਮਣ ਸਿੰਘ ਭਮਰਾ, ਸ. ਅਜੀਤ ਸਿੰਘ ਊਭੀ, ਸ. ਜਗਦੀਸ਼ ਸਿੰਘ, ਸ. ਰਵਿੰਦਰ ਸਿੰਘ ਸੀਹਰਾ ਸ੍ਰੀ ਸਤਿਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ।**

ਵਿਚ ਹਨ। ਉਹਨਾਂ ਦੇ ਵਰਤਮਾਨ ਰਹਿਬਰ ਸਤਿਗੁਰੂ ਉਦੈ ਸਿੰਘ ਜੀ ਦਾ ਇਹ ਪਹਿਲਾ ਆਇਰਲੈਂਡ ਦਾ ਦੌਰਾ ਹੈ। ਇਥੇ ਪਹਿਲਾਂ ਕੇਵਲ 2 ਨਾਮਧਾਰੀ ਪਰਿਵਾਰ ਸਨ। ਹੁਣ ਉਨਾਂ ਦੀ ਗਿਣਤੀ 15 ਤੋਂ ਵਧ ਹੈ। ਸਤਿਗੁਰੂ ਜੀ ਨੇ ਯੂ. ਕੇ. ਦੇ ਰੁਝੇਵੇਂ ਭਰੇ ਪ੍ਰੋਗਰਾਮ ਵਿਚੋਂ ਸਾਡੇ ਲਈ ਸਮਾਂ ਕਢਿਆ ਹੈ, ਇਹ ਆਪ ਜੀ ਦੀ ਬਖਸ਼ਸ਼ ਹੈ।

ਸ੍ਰੀ ਜੇਮਜ਼ ਬ੍ਰੀਨ ਮੇਅਰ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਉਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਏਥੇ ਆਪ ਜੀ ਦੇ ਸਿੱਖ ਪਰਮਜੀਤ ਸਿੰਘ ਨਿਓਤੇ ਨੇ 1988 ਵਿਚ ਆਕੇ, ਸ਼ੈਨਨ ਖੇਤਰ ਵਿਚ ਕੰਮ ਸ਼ੁਰੂ ਕੀਤਾ।। ਸਤਿਗੁਰੂ ਜਗਜੀਤ ਸਿੰਘ ਜੀ ਨੇ ਵਰਲਡ ਐਵੀਏਸ਼ਨ ਪਾਰਕ ਵਿੱਚ ਵੱਡੀ ਇਮਾਰਤ ਦਾ ਨੀਂਹ ਪੱਥਰ ਰੱਖਿਆ। ਕੰਮ ਵਧਿਆ, ਏਥੇ ਦੇ ਲੋਕਾਂ ਨੂੰ ਹੋਰ ਰੋਜ਼ਗਾਰ ਦੇ ਮੌਕੇ ਮਿਲੇ, ਨਾਮਧਾਰੀ ਪਰਿਵਾਰ ਵੀ ਵੱਸੇ। ਅੱਜ ਆਪ ਜੀ ਦੇ ਦਰਸ਼ਨ ਕਰਕੇ ਚਿੱਤ ਬਹੁਤ ਪ੍ਰਸੰਨ ਹੈ।

ਸ੍ਰੀ ਟੋਨੀ ਮਲਕਹੀ ਨੇ ਸੁਆਗਤੀ ਸ਼ਬਦਾਂ ਵਿਚ ਕਿਹਾ ਕਿ ਨਾਮਧਾਰੀ, ਐਵੀਏਸ਼ਨ ਕੰਪਨੀ ਵਿਚ ਕੰਮ ਕਰਦੇ ਹੀ ਹਨ। ਉਹ ਆਈ ਟੀ., ਮੈਡੀਕਲ, ਫਾਈਨਾਂਸ, ਡਾਕਟਰੀ ਆਦਿ ਕਿਤਿਆਂ ਵਿਚ ਵੀ ਆਪਣੀ ਪਛਾਣ ਬਣਾ ਰਹੇ ਹਨ। ਆਇਰਿਸ਼ ਐਵੀਏਸ਼ਨ ਦੇ ਇਤਿਹਾਸ ਵਿਚ ਪਰਮਜੀਤ ਸਿੰਘ ਦੀ ਸ਼ੁਰੂ ਕੀਤੀ ਕੰਪਨੀ ਚਮਕ ਰਹੀ ਹੈ। ਸ਼ੈਨਨ ਵਿਚ ਪਹਿਲਾਂ ਸਿਰਫ ਦਸ ਹੀ ਸਿੱਖ ਸਨ ਪਰ ਹੁਣ ਭਾਰਤ ਤੋਂ ਆਏ ਸਿੱਖਾਂ ਦੀ ਗਿਣਤੀ 200 ਤੋਂ ਵੱਧ ਹੈ। ਮਲਕਹੀ ਹੁਰਾਂ ਇਹ ਕਹਿੰਦਿਆਂ ਕਿ ਆਪ ਜੀ ਦਾ ਦੌਰਾ ਬੜਾ ਸੰਖੇਪ ਹੈ ਫੇਰ ਵੀ ਦਰਸ਼ਨ ਦੇਣ ਲਈ ਬੇਨਤੀ ਕੀਤੀ। ਦੋਹਾਂ ਵਿਅਕਤੀਆਂ ਨੇ ਹਾਰ ਪਾ ਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਸੁਆਗਤ ਕੀਤਾ।

ਸ੍ਰੀ ਸਤਿਗੁਰੂ ਜੀ ਨੇ ਆਪ ਜੀ ਪ੍ਰਤੀ ਮਾਣ ਸਤਿਕਾਰ ਪ੍ਰਗਟ ਕਰਨ ਉਤੇ ਮੇਅਰ, ਸੈਨਟਰ ਅਤੇ ਹਵਾਈ ਅੱਡੇ ਦੇ ਅਧਿਕਾਰੀਆਂ ਦਾ ਦਿਲੋਂ ਧੰਨਵਾਦ ਕੀਤਾ।

ਸ਼ੈਨਨ ਏਅਰਪੋਰਟ ਓਪਰੇਸ਼ਨ ਡਾਇਰੈਕਟਰ, ਸ੍ਰੀ ਨਿਆਲ ਮੈਲੋਨੀ ਨੇ ਆਪਣੇ ਅਤੇ ਹੋਰ ਅਧਿਕਾਰੀਆਂ ਵਲੋਂ ਸਭ ਦਾ ਧੰਨਵਾਦ ਕੀਤਾ। ਵਿਜ਼ਿਟਰ ਬੁੱਕ ਉਤੇ ਸ੍ਰੀ ਸਤਿਗੁਰੂ ਜੀ ਦੇ ਦਸਤਖ਼ਤ ਕਰਨ ਸਮੇਂ, ਆਪ ਜੀ ਨੂੰ 16 ਮਈ 1998 ਈ. ਨੂੰ ਸਤਿਗੁਰੂ ਜਗਜੀਤ ਸਿੰਘ ਜੀ



**ਸ੍ਰੀ ਸਤਿਗੁਰੂ ਜੀ ਹਰਮੋਹਿੰਦਰ ਸਿੰਘ ਉਪਾਸ਼ਕ ਨਾਲ ਬਚਨ ਬਿਲਾਸ ਕਰਦੇ ਹੋਏ।**



**ਸ੍ਰੀ ਸਤਿਗੁਰੂ ਜੀ ਯੂ. ਕੇ. ਨਿਵਾਸੀ ਗੁਰਪ੍ਰੀਤ ਸਿੰਘ ਨੂੰ ਸੰਤ ਨਿਰੰਕਾਰੀ ਮਿਸ਼ਨ ਵਲੋਂ HER MAJESTY THE QUEEN OF ENGLAND ਅਵਾਰਡ ਪ੍ਰਦਾਨ ਕਰਨ ਦੀ ਬਖਸ਼ਿਸ਼ ਕਰਦੇ ਹੋਏ ਨਾਲ ਹਨ ਸੰਤ ਕੁਲਦੀਪ ਸਿੰਘ ਊਭੀ।**

ਦੇ ਦਸਤਖ਼ਤ ਵੀ ਦਿਖਾਏ ਗਏ।

ਏਅਰਪੋਰਟ ਤੋਂ ਬਾਹਰ ਆਕੇ ਇੰਤਜਾਰ ਕਰ ਰਹੀਆਂ ਸੰਗਤਾਂ ਦੇ ਕਾਰਾਂ ਦੇ ਕਾਫਲੇ ਨਾਲ ਸ੍ਰੀ ਸਤਿਗੁਰੂ ਜੀ, ਬੀਬੀ ਜੀ ਅਤੇ ਹੋਰ ਸਿੱਖ ਸੇਵਕਾਂ ਸਹਿਤ ਸੰਤ ਪਰਮਜੀਤ ਸਿੰਘ ਨਿਓਤੇ ਦੇ ਨਿਵਾਸ ਸਥਾਨ ਕ੍ਰੈਟਲੋ ਵਿਚ ਜਿਥੇ ਆਪ ਜੀ ਦਾ ਡੇਰਾ ਸੀ ਪਧਾਰੇ। ਉਥੇ ਵੱਡੀ ਗਿਣਤੀ ਵਿਚ ਪਹਿਲਾਂ ਹੀ ਇੰਤਜਾਰ ਕਰ ਰਹੀ ਸਾਧ ਸੰਗਤ ਨੇ ਜੈਕਾਰੇ ਗਜਾ ਕੇ ਫੁੱਲਾਂ ਦੀ ਬਰਖਾ ਕਰਕੇ ਆਪਣੀ ਦਰਸ਼ਨ ਦਿਦਾਰ ਕਰਨ ਦੀ ਸਿਕ ਪੂਰੀ ਕੀਤੀ।

ਏਥੇ ਕਮਰਕੱਸੇ ਖੋਲ੍ਹੇ ਗਏ, ਕੁਝ ਸਮਾਂ ਆਰਾਮ ਕਰਕੇ ਸਵਾ ਕੁ ਇਕ ਵਜੇ ਆਪ ਜੀ ਨੇ ਸਿੱਖਾਂ ਦੀ ਅਰਜ਼ ਪ੍ਰਵਾਨ ਕਰਦਿਆਂ 15 ਕੁ ਸਿੱਖਾਂ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਚਰਨ ਪੁਆਉਣ ਲਈ ਸੰਗਤ ਕਾਫੀ ਮਸਤਾਨੀ ਸੀ। ਕੋਈ ਚਾਵਾਂ ਨਾਲ ਰਾਹ ਵਿਚ ਫੁੱਲ ਪੱਤੀਆਂ ਬਿਖੇਰ ਰਹੇ ਸਨ, ਕੁਝ ਗੁਲਦਸਤੇ ਜਾਂ ਹਾਰ ਭੇਟ ਕਰ ਰਹੇ ਸਨ। ਛੋਟੇ ਬੱਚੇ ਬੜੇ ਭੋਲੇ ਭਾ ਨਿੱਕੀਆਂ ਨਿੱਕੀਆਂ ਗਲਾਂ ਕਰ ਰਹੇ ਸਨ। ਇਕ ਥਾਂ ਬੱਚਿਆਂ ਨੂੰ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਸੁਣਾਉਣੀ ਚਾਹੀ ਤਾਂ ਆਪ ਸੋਫੇ ਤੇ ਲਗਾ ਉੱਚਾ ਆਸਣ ਛੱਡ ਕੇ ਉਹਨਾਂ ਨਾਲ ਹੀ ਆ ਬੈਠੇ। ਕਿਉਂਕਿ ਉਚੇ ਬੈਠਿਆਂ ਗੁਰਬਾਣੀ ਦਾ ਆਦਰ ਨਹੀਂ ਰਹਿੰਦਾ। ਕਿਸੇ ਨੇ ਆਪ ਤੋਂ ਸਿੱਖੀ ਮੰਗੀ, ਕਿਸੇ ਨੇ ਬਖਸ਼ਸ਼। ਕੋਈ ਮਸਤਾਨੀ ਅਵਸਥਾ ਵਿਚ ਪ੍ਰਸ਼ਾਦ ਰੱਖ ਕੇ ਮੱਥਾ ਟੇਕਣਾ ਹੀ ਭੁੱਲ ਗਿਆ ਤੇ ਬਾਅਦ ਵਿਚ ਖਿਮਾ ਮੰਗੀ, ਕੋਈ ਪਰਿਵਾਰ ਭਾਰਤ ਆਇਆ ਹੋਇਆ ਸੀ ਉਸਨੇ ਦੂਸਰੇ ਨੂੰ ਚਾਬੀ ਫੜਾਈ ਹੋਈ ਸੀ। ਉਸ ਦੀ ਤਾਕੀਦ ਸੀ ਕਿ ਮੇਰਾ ਗ੍ਰਹਿ ਪਵਿੱਤਰ ਕਰਨ ਦੀ ਵੀ ਕ੍ਰਿਪਾ ਹੋਵੇ, ਇੱਝ ਹੀ ਹੋਇਆ।

ਇਕ ਬਜ਼ੁਰਗ ਜੋੜੀ ਡਾ. ਹਰਪਾਲ ਸਿੰਘ ਲੂਥਰ - ਬੀਬੀ ਗੁਰਦੀਪ ਕੌਰ ਨੇ ਭਜਨ ਪੁਛਿਆ। ਡਾ. ਲੂਥਰ ਜੀ, ਡਾ. ਮਨਮੋਹਨ ਸਿੰਘ ਨਾਲ ਪੜ੍ਹੇ ਹਨ, ਉਹਨਾਂ ਪੰਡਤ ਜਵਾਹਰ ਲਾਲ ਨਹਿਰੂ ਨਾਲ ਕੰਮ ਕੀਤਾ ਹੈ, ਯੂ. ਐਨ. ਓ. ਵਿਚ ਰਹੇ ਹਨ। ਬਹੁਤ ਸਮਾਂ ਬੈਲਜ਼ੀਅਮ ਰਹੇ ਹਨ। ਰਿਟਾਇਰਮੈਂਟ ਤੋਂ ਬਅਦ ਪੀ. ਐਚ. ਡੀ. ਪੂਰੀ ਕੀਤੀ, ਉਹ 17 ਭਾਸ਼ਾਵਾਂ ਪੜ੍ਹ ਲਿਖ ਬੋਲ ਲੈਂਦੇ ਸਨ। ਓਹਨਾਂ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਕਿਹਾ, "ੴ ਸਤਿਨਾਮ ਕਰਤਾ ਪੁਰਖ, ਤੁਸੀਂ ਉਹੀ ਪੁਰਖ ਹੋ, ਕਿਰਪਾ ਕਰੋ ਮੇਰਾ ਸਰੀਰ ਕਾਇਮ ਹੋਵੇ, ਮੈਂ ਆਪਣੇ ਪੈਰਾਂ ਉਤੇ ਖੜ੍ਹਾ ਹੋ ਸਕਾਂ।" ਸਤਿਗੁਰੂ ਜੀ ਨੇ ਬਚਨ ਕੀਤਾ, "ਸਤਿਗੁਰੂ ਸਚੇ ਪਾਤਸ਼ਾਹ ਸਭ ਠੀਕ ਕਰਨਗੇ।"

ਉਥੋਂ ਸ੍ਰੀ ਸਤਿਗੁਰੂ ਜੀ ਨੇ ਕ੍ਰੈਟਲੋ ਡੇਰੇ ਪਹੁੰਚ ਕੇ ਕੁਝ ਦੇਰ ਆਰਾਮ ਕਰਕੇ, ਓਕਵੁਡ ਆਰਮ ਹੋਟਲ ਦੇ ਵਡੇ ਹਾਲ ਵਿਚ ਸ਼ੈਨਨ, ਨਿਤਨੇਮ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਨਿਤਨੇਮ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਪਦੇਸ਼ ਸੀ, **"ਮਾਸ਼ ਸ਼ਰਾਬ ਛੱਡੋ, ਪੂਰਨ ਗੁਰਸਿੱਖ ਬਣੋ।"** ਅਰਦਾਸ ਉਪਰੰਤ ਕੀਰਤਨ ਵਿਚ ਰੰਗ ਬੰਨਣ ਵਾਲੇ ਸਨ : ਨੌਜਵਾਨ ਬਲਵੰਤ ਸਿੰਘ, ਗੁਰਸ਼ਰਨ ਸਿੰਘ ਸੁਰਧਰ, ਹਰਪ੍ਰੀਤ ਸਿੰਘ (ਸੋਨੂੰ)। ਉਹ ਆਇਰਲੈਂਡ ਵਾਸੀਆਂ ਦੀ ਭਾਵਨਾ ਵੀ ਪ੍ਰਗਟ ਕਰ ਰਹੇ ਸਨ :

***- ਧੰਨੁ ਸੁ ਦਿਨਸੁ ਸੰਜੋਗੜਾ***
***ਜਿਤੁ ਡਿਠਾ ਗੁਰ ਦਰਸਾਰ।।***
***- ਸਤਿਗੁਰ ਬਾਝੁ ਨ ਬੇਲੀ ਕੋਈ।।***

**ਸੰਤ ਪਰਮਜੀਤ ਸਿੰਘ ਨਿਓਤੇ** ਹੁਰਾਂ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਦ 1998 ਵਿਚ ਦਰਸ਼ਨ ਦਿੱਤੇ ਤੇ ਦੱਸਿਆ ਕਿ ਉਹਨਾਂ ਖੁਦ 2 ਸਾਲ ਮੋਟਰ ਵਾਈਂਡਿੰਗ ਦਾ ਕੰਮ ਕੀਤਾ ਹੈ ਤਾਂ ਉਹ ਹੈਰਾਨ ਹੋਏ। ਇਸ ਕੰਪਨੀ ਦੀਆਂ ਸੰਸਾਰ ਵਿਚ ਤਿੰਨ ਬਰਾਂਚਾਂ ਸਨ। ਹੋਰ ਦੋ ਤਾਂ ਬੰਦ ਹੋ ਗਈਆਂ ਹਨ ਪਰ ਗੁਰਸਿੱਖ ਪਰਿਵਾਰਾਂ ਨੂੰ ਕੰਮ ਦੇਣ ਵਾਲੀ ਇਹ ਬ੍ਰਾਂਚ ਚਲ ਰਹੀ ਹੈ।

ਇਕ ਬੀਬੀ ਨੇ ਸ਼ਬਦ ਪੜ੍ਹਿਆ ਅਤੇ ਬਚਿਆਂ ਹਰਦੇਵ ਕੌਰ ਤੇ ਹੀਰਾ ਸਿੰਘ ਨੇ ਆਪੇ ਹਾਰਮੋਨੀਅਮ ਵਜਾ ਕੇ, ***'ਹੇ ਰਵਿ ਹੇ ਸਸਿ'*** ਅਤੇ ***'ਤੇਰੀ ਸਰਣਿ ਮੇਰੇ ਦੀਨ ਦਇਆਲਾ'*** ਸ਼ਬਦ ਬੜੇ ਪਿਆਰ ਨਾਲ ਗਾ ਕੇ ਸਤਿਗੁਰੂ ਜੀ ਦੀ ਮੁਸਕਰਾਹਟ ਝੋਲੀ ਪਾਈ।

**ਸੰਤ ਸੁਲਖਣ ਸਿੰਘ ਜੰਡੂ** ਨੇ ਗੁਰੂ ਨਾਨਕ ਦੇਵ ਜੀ ਦੀ ਦੇਵਲੂਤ ਦੀ ਮਿਸਾਲ ਦੇਂਦਿਆਂ ਕਿਹਾ ਕਿ ਮਾਸ ਰਿਨ੍ਹਣਾ, ਵਰਤਾਉਣਾ, ਖਾਣਾ, ਤਿਆਰ ਕਰਨਾ ਪਾਪ ਹੈ, ਗੁਰਸਿੱਖ ਲਈ ਮਾੜਾ ਹੈ। ਜੇ ਕੋਈ ਬੁਰੀ ਸੰਗਤ ਵਿਚ ਪੈ ਕੇ ਜਾਂ ਕਿਸੇ ਹੋਰ ਕਾਰਨ ਕਰਕੇ ਇਸਨੂੰ ਅਪਣਾ ਚੁੱਕਾ ਹੈ ਤਾਂ ਕੰਨਾਂ ਨੂੰ ਹੱਥ ਲਾਵੇ ਤੋਬਾ ਕਰੇ।

ਉਸ ਤੋਂ ਬਾਅਦ ਸਮਾਂ ਸੀ ਇੰਟਰ ਫੇਥ ਗਰੁੱਪ ਦਾ ਸਤਿਗੁਰੂ ਜੀ ਪ੍ਰਤੀ ਅਕੀਦਤ ਪ੍ਰਗਟ ਕਰਨ ਦਾ। ਈਸਾਈ, ਮੁਸਲਿਮ, ਹਿੰਦੂ, ਸਿੱਖ ਆਦਿ ਧਰਮਾਂ ਦੇ ਮਿਲ ਬੈਠਣ ਵਾਲੇ, ਮੂਲ ਰੂਪ ਵਿਚ ਮਿਸ਼ਰ, ਜਰਮਨ, ਆਇਰਲੈਂਡ, ਭਾਰਤ ਦੇ ਵਸਨੀਕਾਂ ਨੇ ਆਪ ਜੀ ਦੇ ਚਰਨ ਪਰਸਨ ਵਿਚ

(ਬਾਕੀ ਸਫਾ 7 'ਤੇ)








**ਡਾ. ਸੁਖਦੇਵ ਸਿੰਘ, ਸੰਤ ਕੁਲਦੀਪ ਸਿੰਘ ਊਭੀ, ਸ. ਲਛਮਣ ਸਿੰਘ ਭਮਰਾ, ਸ. ਰਜਿੰਦਰ ਸਿੰਘ ਬੰਸਲ, ਹਰਮੋਹਿੰਦਰ ਸਿੰਘ ਉਪਾਸ਼ਕ, ਨਿਹੰਗ ਨਿਡਰ ਸਿੰਘ ਆਪਣੇ ਵਿਚਾਰ ਸਾਧ ਸੰਗਤ ਨਾਲ ਸਾਂਝੇ ਕਰਦੇ ਹੋਏ।**

# ਫਗਵਾੜਾ ਵਿਖੇ ਜਪ ਪ੍ਰਯੋਗ ਆਰੰਭ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਧ ਸੰਗਤ ਦੇ ਭਲੇ ਵਾਸਤੇ ਜੋ ਜਪ ਪ੍ਰਯੋਗ ਦੀ ਰੀਤ ਚਲਾਈ ਸੀ ਉਹ ਜਪ ਪ੍ਰਯੋਗ ਉਸ ਸਮੇਂ ਤੋਂ ਹੀ ਸ੍ਰੀ ਭੈਣੀ ਸਾਹਿਬ ਵਿਖੇ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਨਿਰੰਤਰ ਚਲ ਰਿਹਾ ਹੈ। ਇਹ ਜਪ ਪ੍ਰਯੋਗ ਹਰ ਸਾਲ ਅੱਸੂ ਦੇ ਮਹੀਨੇ ਵਿਚ ਹੁੰਦਾ ਹੈ ਕਿਉਂਕਿ ਇਸ ਮਹੀਨੇ ਵਿਚ ਗਰਮੀ ਤੋਂ ਕੁਝ ਰਾਹਤ ਮਿਲ ਜਾਂਦੀ ਹੈ। ਮੌਸਮ ਸੁਹਾਵਣਾ ਹੋ ਜਾਂਦਾ ਹੈ ਤੇ ਲਗਾਤਾਰ ਦੋ ਘੰਟੇ ਬੈਠਣਾ ਇੰਨਾਂ ਔਖਾ ਨਹੀਂ ਲਗਦਾ। ਇਸ ਜਪ ਪ੍ਰਯੋਗ ਵਿਚ ਸਾਧ ਸੰਗਤ ਸੁੱਚ ਸੋਧ ਦੇ ਧਾਰਨੀ ਹੋ ਕੇ ਇਕ ਮਹੀਨਾ ਲਗਾਤਾਰ ਨਾਮ ਸਿਮਰਨ ਕਰਦੀ ਹੈ। ਨਾਮਧਾਰੀ ਧਰਮਸ਼ਾਲਾ ਫਗਵਾੜਾ ਵਿਖੇ ਇਹ ਜਪ ਪ੍ਰਯੋਗ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਬਖਸ਼ਿਸ਼ ਦੁਆਰਾ ਇਸ ਵਾਰ ਮਿਤੀ 2-9-2015 ਦਿਨ ਬੁਧਵਾਰ ਨੂੰ ਸ਼ੁਰੂ ਹੋਇਆ। ਜਪ ਪ੍ਰਯੋਗ ਦਾ ਸਮਾਂ ਅੰਮ੍ਰਿਤ ਵੇਲੇ 3 ਵਜੇ ਤੋਂ 5 ਵਜੇ ਤੱਕ ਦੋ ਘੰਟੇ ਦਾ ਰੱਖਿਆ ਗਿਆ। ਜਿਸ ਵਿਚ ਪਹਿਲੇ ਦਿਨ ਸਾਧ ਸੰਗਤ ਦੀ ਗਿਣਤੀ 80 ਦੇ ਕਰੀਬ ਸੀ। ਇਹ ਜਪ ਪ੍ਰਯੋਗ ਲਗਾਤਾਰ 40 ਦਿਨ ਚਲੇਗਾ। ਇਸ ਵਿਚ ਹਰ ਐਤਵਾਰ ਤੇ ਵੀਰਵਾਰ ਨੂੰ ਸਥਾਨਕ ਜਥੇ ਵਲੋਂ ਵਾਰਾ ਲਗਾਇਆ ਜਾਂਦਾ ਹੈ ਤੇ ਬਾਕੀ ਦੇ ਦਿਨ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਦੀ ਰਿਕਾਰਡਿੰਗ ਸੁਣਦਿਆਂ ਸਾਧ ਸੰਗਤ ਨਾਮ ਸਿਮਰਨ ਕਰਦੇ ਹੋਏ ਆਪਣਾ ਜਨਮ ਸਫਲਾ ਕਰ ਰਹੀ ਹੈ।

**-ਬਲਦੇਵ ਸਿੰਘ ਨਾਮਧਾਰੀ ਫਗਵਾੜਾ**

# ਸਤਿਗੁਰੂ ਜੀ ਦਾ ਸੁਆਗਤ ਸਤਿਕਾਰ...

(ਬਾਕੀ ਸਫਾ 6 ਦੀ)



**ਸ੍ਰੀ ਸਤਿਗੁਰੂ ਜੀ ਮਿਸਟਰ ਜੇਮਸ (SENIOR MEMBER FROM WEST MIDLANDS POLICE DEPARTMENT) ਨੂੰ ਪਰਿਵਾਰ ਸਹਿਤ ਖੁਸ਼ੀਆਂ ਬਖਸ਼ਦੇ ਹੋਏ।**

ਧੰਨ ਭਾਗ ਸਮਝੇ। ਉਹਨਾਂ ਅਰਦਾਸ ਕਰਕੇ ਸਭ ਲਈ ਭਲਾ ਮੰਗਿਆ। ਉਹਨਾਂ ਵਿਚੋਂ ਮੁੱਖ ਤਵਫੀਕ ਰਸ਼ਦੀ ਤੇ ਕੈਥ ਸਕਾਟ ਸਨ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸਭ ਆਪਣੇ ਆਪ ਨੂੰ ਖੁਸ਼ਨਸੀਬ ਸਮਝ ਰਹੇ ਸਨ।

**ਅਗਲੇ ਦਿਨ 28 ਅਗਸਤ ਸ਼ੁਕਰਵਾਰ**-ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸਤਿਗੁਰੂ ਜੀ ਦੇ ਡੇਰੇ ਕ੍ਰੈਟਲੇ ਇਸ ਲਈ ਰਖਿਆ ਗਿਆ ਸੀ ਕਿ ਸ੍ਰੀ ਸਤਿਗੁਰੂ ਜੀ, ਬੀਬੀ ਜੀ ਸਵੇਰੇ 7.30 ਵਜੇ ਹਵਾਈ ਅੱਡੇ ਪਹੁੰਚ ਸਕਣ। ਵਾਰ ਰਾਗੀ ਬਲਵੰਤ ਸਿੰਘ ਤੇ ਸਾਥੀਆਂ ਨੇ ਲਾਈ। ਛੰਦਾਂ ਛਕਿਆਂ ਤੋਂ ਪਹਿਲਾਂ ਗਾਏ ਕਈ ਸ਼ਬਦ ਨਵੇਂ ਸਨ। ਸੰਗਤ ਵਿਚ ਇਕ ਐਸਾ ਜਰਮਨ ਅਚਿਨ ਰਿਫਲ (Achin Riffal) ਮਸਤ ਬੈਠਾ ਸੀ, ਮਾਲਾ ਫੇਰ ਰਿਹਾ ਸੀ ਜੋ ਬਲਵੰਤ ਸਿੰਘ ਦੇ ਸੰਗੀਤ ਦਾ ਦਿਵਾਨਾ ਸੀ। ਉਸਨੇ ਭਜਨ ਲਿਆ ਹੋਇਆ ਸੀ। ਸ੍ਰੀ ਸਤਿਗੁਰੂ ਜੀ ਦਾ ਸ਼ਰਧਾਲੂ ਸੀ। ਉਹ ਸਣੇ ਦਸਤਾਰ ਨਾਮਧਾਰੀ ਬਾਣੇ ਵਿਚ ਗੋਰੇ ਚਿੱਟੇ ਰੰਗ ਤੇ ਭੂਰੀ ਦਾੜ੍ਹੀ ਵਾਲਾ, ਇਤਿਹਾਸ ਦਾ ਵੀ ਕੁਝ ਜਾਣੂੰ ਸੀ। ਉਹ ਚਾਰ ਸਾਲ ਪਹਿਲੋਂ ਕਿਤੋਂ ਮਿਲੇ ਅਨੁਵਾਦ ਸਹਿਤ ਅਨੰਦ ਸਾਹਿਬ ਦੀ ਬਾਣੀ ਪੜ੍ਹ ਕੇ ਗੁਰੂ ਦੀ ਭਾਲ ਕਰਦਾ ਨਾਮਧਾਰੀ ਬਣਿਆ ਸੀ।

ਏਥੇ, ਆਇਰਲੈਂਡ ਨਾਮਧਾਰੀ ਘਰ ਤਾਂ ਘਟ ਸਨ ਉਹ ਵੀ ਦੋ ਹਿੱਸਿਆ ਵਿਚ ਬੈਠ ਕੇ ਨਾਮ ਸਿਮਰਨ ਕਰਦੇ ਸਨ। ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਤੇ ਫੁੱਲ ਚੜ੍ਹਾਉਂਦਿਆਂ ਅਗੋਂ ਲਈ ਉਹਨਾਂ ਇਕਠੇ ਤੁਰਨ ਦਾ ਪ੍ਰਣ ਕੀਤਾ। ਇਸ ਹੁਕਮ ਨੂੰ ਮੰਨਣ ਤੇ ਸੰਗਤ ਇਕਠੀ ਕਰਨ ਵਿਚ ਸੰਤ ਸੁਖਦੇਵ ਸਿੰਘ ਐਲਨਾਬਾਦ, ਸੰਤ ਪਰਮਜੀਤ ਸਿੰਘ ਨਿਓਤੇ ਤੇ ਬੀਬੀ ਜਗਦੀਸ਼ ਕੌਰ ਦਾ ਵੱਡਾ ਹਿੱਸਾ ਸੀ। ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਕਿ, **"ਕਈਆਂ ਦੀ ਨਾ-ਮਰਯਾਦਗੀ ਬਾਰੇ ਜਾਣ ਕੇ ਮੇਰਾ ਮਨ ਦੁਖੀ ਹੋਇਆ ਹੈ। ਤਗੜੇ ਹੋਵੋ ਜੇ ਮਾਸ਼ ਸ਼ਰਾਬ ਵਰਤਣ ਲਗ ਪਏ ਹੋ ਤਾਂ ਛੱਡੋ। ਨਾਮ ਸਿਮਰਨ ਸਾਰੇ ਇਕ ਥਾਂ ਬੈਠ ਕੇ ਕਰੋ। ਸਤਿਗੁਰੂ ਤੋਂ ਬਖਸ਼ਿਸ਼ ਬਹੁਤੀ ਮੰਗੋ। ਅਰਦਾਸ ਕਰਕੇ ਘਰੋਂ ਤੁਰੋ। ਮਨ ਵਿੱਚ ਈਰਖਾ ਨਾ ਰੱਖੋ। ਦੁਬਿਧਾ ਖਤਮ ਕਰੋ।"**

ਨਿਓਤੇ ਹੁਰਾਂ ਉਹਨਾਂ ਦੇ ਪਰਿਵਾਰ ਵਿਚ ਸੰਭਾਲੀਆਂ ਯਾਦਾਂ ਨਿਸ਼ਾਨੀਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਚੋਲਾ, ਸਤਿਗੁਰੂ ਜਗਜੀਤ ਸਿੰਘ ਜੀ ਦੀ ਮਾਲਾ ਦੇ ਦਰਸ਼ਨ ਕਰਾਏ।

ਸਾਧ ਸੰਗਤ ਹਵਾਈ ਅੱਡਾ, ਸ਼ੈਨਨ ਤੱਕ ਹੀ ਨਹੀਂ ਸ੍ਰੀ ਸਤਿਗੁਰੂ ਜੀ ਨੂੰ ਹਵਾਈ ਜਹਾਜ ਵਿਚ ਬਿਠਾ ਕੇ ਨਮਸਕਾਰ ਕਰਕੇ ਵਾਪਸ ਪਰਤੀ। ਪਰ ਇਸ 24 ਘੰਟਿਆਂ ਦੇ ਘਟ ਦੇ ਮੇਲੇ ਨੂੰ ਕਈ ਸੁਪਨ ਦਰਸ਼ਨ ਹੀ ਸਮਝ ਰਹੇ ਸਨ। ਇਹ ਜੋਗੀ ਵਾਲਾ ਫੇਰਾ ਹੀ ਸੀ ਜੋ ਸਭ ਨੂੰ ਖੁਸ਼ੀ ਵੀ ਪ੍ਰਦਾਨ ਕਰ ਗਿਆ ਸੀ ਤੇ ਬਿਰਹਾ ਭੁਯੰਗਮ ਵੀ ਲੜਾ ਗਿਆ ਸੀ।

ਸ੍ਰੀ ਸਤਿਗੁਰੂ ਦੀ ਜੀ ਸਕਿਓਰਿਟੀ ਦੀ ਜ਼ੁੰਮੇਵਾਰੀ ਸੰਤਾ ਸਿੰਘ - ਸੰਪੂਰਨ ਸਿੰਘ ਭਰਾਵਾਂ ਨੇ ਬਾਖੂਬੀ ਨਿਭਾਈ।

ਸਿੱਖਾਂ ਨੂੰ ਸਤਿਗੁਰੂ ਜੀ ਦੇ ਦਰਸ਼ਨਾਂ ਨਾਲ ਰੱਜ ਨਾ ਆਉਣਾ ਕੁਦਰਤੀ ਹੈ। ਪਰ ਉਹਨਾਂ ਦੀ ਭਾਜੜ ਵੀ ਕੋਈ ਘੱਟ ਨਹੀਂ, ਪਤਾ ਨਹੀਂ ਕਦੋਂ ਲੰਗਰ ਪਾਣੀ, ਜਲ-ਪਾਣੀ ਛਕਦੇ ਹਨ, ਆਰਾਮ ਕਰਦੇ ਹਨ ਜਾਂ ਬਿਸ਼ਰਾਮ ਕਰਦੇ ਹਨ। (ਚਲਦਾ) **-ਤਾਰਾ ਸਿੰਘ ਅਨਜਾਣ**



**ਸ੍ਰੀ ਸਤਿਗੁਰੂ ਜੀ ਨੇ ਯੂ. ਕੇ. ਨਿਵਾਸੀ ਬੀਬੀ ਪੈਟਰੀਸੀਆ ਅਰਲੀ ਨੂੰ ਸਨਮਾਨ ਬਖਸ਼ਸ਼ ਕਰਨ ਦੀ ਕਿਰਪਾ ਕੀਤੀ।**

# ਸ੍ਰੀ ਸਤਿਗੁਰੂ ਜੀ ਦੇ ਪਾਵਨ ਦਰਸ਼ਨਾਂ ਸਹਿਤ ਦਿੱਲੀ ਵਿਖੇ ਜਪ ਪ੍ਰਯੋਗ ਆਰੰਭ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਉਅੱਖਰੇ ਜਾਪ ਵਾਲਾ ਮੂਲ ਮੰਤਰ ਦੇ ਕੇ ਕਮਰਕਾਂਡ ਰਹਿਤ ਅਧਿਆਤਮ ਦਾ ਉਹ ਰਾਹ ਦਰਸਾਇਆ, ਗ੍ਰਹਿਸਤ ਵਿਚ ਰਹਿ ਕੇ ਕਿਰਤ ਵਿਹਾਰ ਕਰਦਿਆਂ ਹੋਇਆਂ ਵੀ ਬ੍ਰਹਮ ਅਵਸਥਾ ਹਾਸਿਲ ਹੁੰਦੀ ਹੈ, ਮੋਕਸ਼ ਪ੍ਰਾਪਤੀ ਹੋ ਜਾਂਦੀ ਹੈ।

ਜਿਥੇ ਇਸ ਮੂਲ ਮੰਤਰ ਦੀ ਪ੍ਰਾਪਤੀ ਪੂਰੇ ਸਤਿਗੁਰੂ ਤੋਂ ਹੁੰਦੀ ਹੈ ਉਥੇ ਹੀ ਇਸ ਜਾਪ ਦੀ ਅਭਿਆਸਤਾ ਵੀ ਸਤਿਗੁਰੂ ਸਾਹਿਬਾਨ ਆਪ ਹੀ ਕਰਾਉਂਦੇ ਹਨ। ਗੁਰਬਾਣੀ ਅਨੁਸਾਰ :

*ਆਪਿ ਜਪਹੁ ਅਵਰਾ ਨਾਮੁ ਜਪਾਵਹੁ*
*ਸੁਨਤ ਕਹਤ ਰਹਤ ਗਤਿ ਪਾਵਹੁ।।*

ਭਾਵ ਸਤਿਗੁਰੂ ਸਾਹਿਬਾਨ ਆਪ ਨਾਮ ਜਪਦੇ ਤੇ ਹੋਰਨਾਂ ਨੂੰ ਜਪਣ ਲਈ ਪ੍ਰੇਰਦੇ ਹਨ। ਫਿਰ ਮਨੁਖ ਸੁਣਦਿਆਂ ਕਹਿੰਦਿਆਂ ਤੇ ਰਹਿਤ ਰਖਦਿਆਂ ਉਚੀ ਅਵਸਥਾ ਪ੍ਰਾਪਤ ਕਰਦਾ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਨ 1907 ਵਿਚ ਪਹਿਲਾ ਜਪ ਪ੍ਰਯੋਗ ਕਰ ਚਉਖਰੇ ਮੂਲ ਮੰਤਰ ਦਾ ਜਾਪ ਕਰਨ ਲਈ ਇਕ ਅਨੋਖਾ ਉਪਰਾਲਾ ਕੀਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਹੀ ਸਾਧ ਸੰਗਤ ਹਰ ਸਾਲ ਮਹੀਨਾ ਭਰ ਚਲਣ ਵਾਲੇ ਇਸ ਜਪ ਪ੍ਰਯੋਗ ਵਿਚ ਵਿਸ਼ੇਸ਼ ਰਹਿਤ ਦੀ ਧਾਰਨੀ ਹੋ ਕੇ ਚੌਅੱਖਰੇ ਨਾਮ ਦਾ ਜਾਪ ਕਰਦੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਹਰ ਸਾਲ ਅੱਸੂ ਦੇ ਮਹੀਨੇ ਵਿਚ ਚਲਣ ਵਾਲੇ ਇਸ ਜਪ ਪ੍ਰਯੋਗ ਲਈ ਸ੍ਰੀ ਭੈਣੀ ਸਾਹਿਬ ਦੇ ਨਾਲ ਨਾਲ ਦੇਸ਼ਾਂ ਵਿਦੇਸ਼ਾਂ ਵਿਚ ਵੀ ਸਾਧ ਸੰਗਤ ਤੇ ਕਿਰਪਾ ਕਰਦਿਆਂ ਥਾਓਂ ਥਾਂਈ ਗੁਰਦੁਆਰਿਆਂ ਵਿਚ, ਪਿੰਡਾਂ ਵਿਚ ਅਤੇ ਘਰੋਂ ਘਰੀਂ ਜਪ ਪ੍ਰਯੋਗ ਕਰਨ ਦੀ ਪ੍ਰਵਾਨਗੀ ਦਿੱਤੀ। ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ, ਕਰਨਾਟਕ, ਮੱਧ ਪ੍ਰਦੇਸ, ਯੂ. ਪੀ., ਹੈਦਰਾਬਾਦ, ਇੰਗਲੈਂਡ, ਥਾਈਲੈਂਡ, ਕਨੇਡਾ, ਆਸਟ੍ਰੇਲੀਆ ਆਦਿ ਦੇਸ਼ਾਂ ਵਿਚ ਜਿਥੇ ਵੀ ਨਾਮਧਾਰੀ ਸੰਗਤ ਵਸਦੀ ਹੈ, ਅੱਜ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਬਖਸ਼ਿਸ਼ ਤੇ ਪ੍ਰੇਰਨਾ ਸਦਕਾ ਇਹ ਜਪ ਪ੍ਰਯੋਗ ਕਰਦੀ ਹੈ। ਇਸੇ ਕੜੀ ਵਿਚ ਦਿੱਲੀ ਵਿਖੇ ਵੀ ਜਪ ਪ੍ਰਯੋਗ ਆਰੰਭ ਹੋਏ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ 12 ਤਾਰੀਕ ਰਾਤ ਨੂੰ ਦਿੱਲੀ ਪਹੁੰਚ ਚੁਕੇ ਸਨ ਅਤੇ ਦਿੱਲੀ ਵਾਸੀਆਂ ਦੇ ਵਡੇ ਭਾਗ ਸਨ ਕਿ ਸਾਹਿਬਪੁਰਾ, ਰਮੇਸ਼ ਨਗਰ, ਸ਼ਾਮ ਨਗਰ, ਚੰਦਰ ਵਿਹਾਰ ਦੀ ਸਾਧ ਸੰਗਤ ਨੇ 13 ਤਾਰੀਕ ਨੂੰ ਸਥਾਨਕ ਗੁਰਦੁਆਰਿਆਂ ਵਿਚ ਜਪ ਪ੍ਰਯੋਗ ਆਰੰਭ ਕਰਨੇ ਸਨ। ਸ੍ਰੀ ਸਤਿਗੁਰੂ ਜੀ ਨੇ ਸੇਵਕਾਂ ਦੀਆਂ ਅਰਜ਼ਾਂ ਪ੍ਰਵਾਨ ਕਰਦਿਆਂ ਸਾਰੀਆਂ ਥਾਵਾਂ ਤੇ ਦਰਸ਼ਨ ਦੇਣ ਦੀ ਪ੍ਰਵਾਨਗੀ ਦਿੱਤੀ।

**13-9-2015 ਗੁਰਦੁਆਰਾ ਸਾਹਿਬਪੁਰਾ ਦਿਨ ਐਤਵਾਰ**-ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਸੇਵਕਾਂ ਸਹਿਤ ਤਕਰੀਬਨ 3.50 ਮਿੰਟ ਤੇ ਅੰਮ੍ਰਿਤਵੇਲੇ ਸਾਹਿਬਪੁਰੇ ਗੁਰਦੁਆਰੇ ਵਿਚ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੂਰੇ 4 ਵਜੇ ਹਜ਼ੂਰੀ ਸੇਵਕ ਆਸਾ ਸਿੰਘ ਨੇ ਧੂਪ, ਦੀਪ, ਕੁੰਭ ਸੰਯੁਕਤ ਆਗਾਮੀ ਮਹੀਨਾ ਚਲਣ ਵਾਲੇ ਪ੍ਰਯੋਗ ਦੇ ਆਰੰਭ ਦੀ ਅਰਦਾਸ ਕੀਤੀ। ਸਤਿਗੁਰੂ ਜੀ ਹਰਪਾਲ ਸਿੰਘ ਸਕੱਤਰ ਨੂੰ ਹੁਕਮ ਕੀਤਾ ਕਿ ਸੰਗਤ ਵਿਚ ਅਰਜ਼ ਕੀਤੀ ਜਾਵੇ ਕਿ ਰੋਜ਼ਾਨਾ ਸਾਰੀ ਸੰਗਤ 4 ਵਜੇ ਅਰਦਾਸ ਤੋਂ ਪਹਿਲਾਂ ਪਹੁੰਚ ਕੇ ਪ੍ਰਯੋਗ ਵਿਚ ਸ਼ਾਮਿਲ ਹੋ ਕੇ ਇਕਚਿਤ ਹੋ ਕੇ ਨਾਮ ਸਿਮਰਨ ਕਰੇ ਅਤੇ ਹਿਲਜੁਲ ਨਾ ਹੋਵੇ। ਇਹ ਹੁਕਮ ਸ੍ਰੀ ਹਜ਼ੂਰ ਨੇ ਲਿਖ ਕੇ ਕੀਤਾ ਸੀ ਜੋ ਹਰਪਾਲ ਸਿੰਘ ਨੇ ਸੰਗਤ ਵਿਚ ਅਨਾਊਂਸ ਕੀਤਾ। 300 ਤੋਂ ਵੱਧ ਸੰਗਤ ਪ੍ਰਯੋਗ ਕਰਦੀ ਰਹੀ। ਸਤਿਗੁਰੂ ਜੀ 4.35 ਤੇ ਚੰਦਰ ਵਿਹਾਰ ਧਰਮਸ਼ਾਲਾ ਵਿਚ ਦਰਸ਼ਨ ਦੇਣ ਲਈ ਰਵਾਨਾ ਹੋਏ।

**ਚੰਦਰ ਵਿਹਾਰ**-ਤਕਰੀਬਨ 4.45 ਤੇ ਸਤਿਗੁਰੂ ਜੀ ਨੇ ਚੰਦਰ ਵਿਹਾਰ ਧਰਮਸ਼ਾਲਾ ਵਿਚ ਦਰਸ਼ਨ ਦਿਤੇ ਜਿਥੇ ਅੱਜ ਸਵੇਰੇ 4 ਵਜੇ ਤੋਂ ਹੀ ਪ੍ਰਯੋਗ ਆਰੰਭ ਹੋਇਆ ਸੀ। ਤਕਰੀਬਨ 100 ਤੋਂ ਵੱਧ ਸਥਾਨਕ ਸੰਗਤ ਨੇ ਸਤਿਗੁਰਾਂ ਦੇ ਦਰਸ਼ਨ ਕਰ ਨਮਸਕਾਰ ਕੀਤੀ। ਸੰਤ ਦਲਜੀਤ ਸਿੰਘ ਬਲਿਹਾਰ ਜਾਵਾਂ ਦਾ ਜਥਾ ਵਾਰਾ ਲਾ ਰਿਹਾ ਸੀ। ਤਕਰੀਬਨ 15 ਕੁ ਮਿੰਟ ਦਰਸ਼ਨ ਦੇ ਕੇ ਸਤਿਗੁਰੂ ਜੀ ਵਿਸ਼ਨੂੰ ਗਾਰਡਨ ਧਰਮਸ਼ਾਲਾ ਵਲ ਰਵਾਨਾ ਹੋਏ।

**ਵਿਸ਼ਨੂੰ ਗਾਰਡਨ**- ਪ੍ਰਧਾਨ ਹਜਾਰਾ ਸਿੰਘ ਦੀ ਅਗਵਾਈ ਵਿਚ ਵਿਸ਼ਨੂੰ ਗਾਰਡਨ ਵਿਖੇ ਪਿਛਲੀ 10 ਤਾਰੀਕ ਤੋਂ ਹੀ ਜਪ ਪ੍ਰਯੋਗ ਆਰੰਭ ਹੈ। ਰੋਜ਼ਾਨਾ ਸਵੇਰੇ ਚਾਰ ਵਜੇ ਤੋਂ ਤਕਰੀਬਨ 100 ਤੋਂ ਵਧ ਸਰੀਰ ਨਾਮ ਸਿਮਰਨ ਕਰਦੇ ਹਨ। ਅੱਜ ਸਤਿਗੁਰੂ ਜੀ ਨੇ ਦਰਸ਼ਨ ਦਿਤੇ ਤਾਂ ਸਾਰੀ ਸੰਗਤ ਗੁਰੂ ਦਰਸ਼ਨ ਕਰ ਪ੍ਰਸਨ ਸੀ। ਸਾਰੀ ਸੰਗਤ ਨੇ ਨਮਸਕਾਰ ਕਰ ਧੰਨਵਾਦ ਕੀਤਾ। ਇਸ ਧਰਮਸ਼ਾਲਾ ਵਿਚ ਆਸਾ ਦੀ ਵਾਰ ਦਾ ਕੀਰਤਨ ਨੌਜਵਾਨ ਮਨਜੀਤ ਸਿੰਘ ਵਲੋਂ ਕੀਤਾ ਜਾ ਰਿਹਾ ਸੀ। ਹੁਣ ਵਾਰੀ ਸੀ ਆਖਰੀ ਪੜਾਅ ਰਮੇਸ਼ ਨਗਰ ਦੀ ਸੀ

**ਰਮੇਸ਼ ਨਗਰ**-

ਇਥੇ ਸਾਧ ਸੰਗਤ ਨੇ ਪੂਰੇ 4 ਵਜੇ ਪੂਰਨ ਮਰਯਾਦਾ ਅਨੁਸਾਰ ਪ੍ਰਯੋਗ ਆਰੰਭਿਆ ਸੀ। ਆਸਾ ਦੀ ਵਾਰ ਦਾ ਕੀਰਤਨ ਰਾਗੀ ਮਨਜੀਤ ਸਿੰਘ ਦਾ ਜਥਾ ਕਰ ਰਿਹਾ ਸੀ। ਸਤਿਗੁਰੂ ਜੀ ਤਕਰੀਬਨ 5.30 ਤੇ ਦਰਸ਼ਨ ਦਿਤੇ। ਤਕਰੀਬਨ 1000 ਤੋਂ ਵਧ ਸੰਗਤ ਨੇ ਨਮਸਕਾਰ ਕੀਤੀ। ਇਕ ਅਨੰਦ ਕਾਰਜ ਹੋਇਆ ਦੋ ਪਾਠਾਂ ਦੇ ਭੋਗ ਪਾਏ ਗਏ ਅਤੇ ਅਰਦਾਸ ਉਪਰੰਤ ਸਟੇਜ ਸਕੱਤਰ ਜਸਬੀਰ ਸਿੰਘ ਨੇ ਸਤਿਗੁਰੂ ਜੀ ਨੂੰ ਜੀ ਆਇਆਂ ਆਖਿਆ। ਸੰਤ ਬਲਬੀਰ ਸਿੰਘ ਭੱਟੀ ਜੋ ਕਿ ਇਕ ਸਰਕਾਰੀ ਸਕੂਲ ਦੇ ਚੇਅਰਮੈਨ ਬਣੇ ਸਨ ਦਾ ਸਤਿਗੁਰੂ ਜੀ ਨੇ ਮਾਲਾ ਪਾ ਕੇ ਸੁਆਗਤ ਕੀਤਾ। ਜਿਸ ਉਪਰੰਤ ਸਤਿਗੁਰੂ ਜੀ ਨੇ ਆਪਣੇ ਪਾਵਨ ਉਪਦੇਸ਼ ਰਾਹੀਂ ਸੰਗਤ ਨੂੰ ਤਗੜੇ ਹੋ ਕੇ ਨਾਮ ਜਪਣ ਲਈ ਪ੍ਰੇਰਿਆ। ਮਨ ਅਵਸਥਾ ਨਿਰਮਲ ਕਰਨ ਲਈ ਅਤੇ ਈਰਖਾ ਦਵੈਸ਼ ਛੱਡਣ ਲਈ ਸਦ ਉਪਦੇਸ਼ ਕੀਤਾ। ਉਪਰੰਤ ਲੰਗਰ ਵਰਤਿਆ। ਅੱਜ ਦੇ ਮੇਲੇ ਦੀ ਸੇਵਾ ਜਥੇਦਾਰ ਸੇਵਾ ਸਿੰਘ ਦੇ ਛੋਟੇ ਪੁਤਰ ਰਾਜਾ ਸਿੰਘ ਨੇ ਕੀਤੀ। ਇਸ ਮੌਕੇ ਸੂਬਾ ਸੁਖਦੇਵ ਸਿੰਘ, ਸੂਬਾ ਅਰਵਿੰਦ ਸਿੰਘ, ਪ੍ਰਧਾਨ ਸਾਧਾ ਸਿੰਘ, ਪ੍ਰਧਾਨ ਵਸਨ ਸਿੰਘ, ਬਾਊ ਸਿੰਘ ਪ੍ਰਧਾਨ ਚੰਦਰ ਵਿਹਾਰ, ਹਜਾਰਾ ਸਿੰਘ ਵਿਸ਼ਨੂੰ ਗਾਰਡਨ, ਮੰਗਲਜੀਤ ਸਿੰਘ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਬੀਬੀ ਨਰਿੰਦਰ ਕੌਰ ਸਕੱਤਰ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥਾ ਆਦਿ ਮੌਜੂਦ ਸਨ। ਸ੍ਰੀ ਸਤਿਗੁਰੂ ਜੀ ਇਲਾਕਾ ਜੀਵਨ ਨਗਰ ਲਈ ਰਵਾਨਾ ਹੋਏ।

***-ਹਰਪਾਲ ਸਿੰਘ, ਮੰਗਲਜੀਤ ਸਿੰਘ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ***

RNI NO. 55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17






ਸ੍ਰੀ ਸਤਿਗੁਰੂ ਜੀ ਦੇ ਬਰਮਿੰਘਮ ਯੂ. ਕੇ. ਦਰਸ਼ਨ ਦੇਣ ਸਮੇਂ ਵੱਖੋ-ਵੱਖ ਅਦਾਰਿਆ ਦੇ ਬੁਲਾਰੇ ਆਪ ਜੀ ਦੇ ਦਰਸ਼ਨ ਕਰਨ ਪਹੁੰਚ ਆਪਣੀ ਹਾਜ਼ਰੀ ਲਾਉਂਦੇ ਹੋਏ



ਸ੍ਰੀ ਸਤਿਗੁਰੂ ਜੀ ਆਇਰਲੈਂਡ ਵਿਖੇ ਸੰਤ ਪਰਮਜੀਤ ਸਿੰਘ ਨਿਓਤੇ ਦੇ ਆਫਿਸ ਵਿੱਚ ਵਿਜ਼ੀਟਰ ਬੁਕ ਵਿੱਚ ਲਿਖ ਆਪਣਾ ਅਸ਼ੀਰਵਾਦ ਪ੍ਰਦਾਨ ਕਰਦੇ ਹੋਏ ਨਾਲ ਹਨ ਆਫਿਸ ਦੇ ਹੋਰ ਮੈਂਬਰ



ਪ੍ਰਤਾਪ ਮੰਦਰ (ਸ੍ਰੀ ਭੈਣੀ ਸਾਹਿਬ) ਵਿਖੇ ਨੌਜਵਾਨਾਂ ਵਲੋਂ ਆਰੰਭ ਹੋਏ ਜਪ ਪ੍ਰਯੋਗ ਦੇ ਆਰੰਭ ਦੀ ਅਰਦਾਸ ਅੰਮ੍ਰਿਤ ਵੇਲੇ 2 ਵਜੇ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ ਇਸ ਸਮੇਂ ਹਾਜ਼ਰ ਨੌਜਵਾਨਾਂ ਦਾ ਠਾਠਾ ਮਾਰਦਾ ਸਮੁੰਦਰ - 17 ਸਤੰਬਰ 2015

Subscriber's
Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 6:10 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6:18 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase-II, Narayana, New Delhi 110028 and published from Namdhari Gurdwara, Ramesh Nagar, New Delhi-110015. Editor - Mr. Harvendra Singh Hanspal.
Phone : +91-9212318103, Email : Satjug@sribhainisahib.com, satjugweekly@gmail.com
Issue No. 28 of 24 September 2015